ਦੀ ਇੰਟਰਨੈਸ਼ਨਲ ਮਨਿਸਟਰੀਜ਼

# "ਲਾਈਟ ਫਾਰ ਨੇਸ਼ਨਜ਼"

ਪੇਸ਼ ਕਰਦੇ ਹਨ -

# ਨਰਕ ਅਤੇ ਸਵਰਗ ਦਾ ਪ੍ਰਕਾਸ਼

ਜੋ 7 ਕੋਲੰਬੀਅਨ ਨੌਜਵਾਨਾਂ ਨੂੰ ਮਿਲਿਆ। ਇੱਕ ਇੱਕਠ ਵਿੱਚ ਇਹਨਾਂ 7 ਕੋਲੰਬੀਅਨ ਨੌਜਵਾਨਾਂ ਨੂੰ ਪ੍ਰਭੂ ਯਿਸੂ ਮਸੀਹ ਦੁਆਰਾ ਆਤਮਾ ਵਿੱਚ ਉਠਾ ਲਿਆ ਗਿਆ, ਤਾਂ ਕਿ ਉਹ ਸਵਰਗ ਅਤੇ ਨਰਕ ਦਾ ਦਰਸ਼ਨ ਵੇਖ ਸਕਣ। ਇਨ੍ਹਾਂ ਗਵਾਹੀਆਂ ਵਿੱਚ ਉਹਨਾਂ ਨੇ ਸਵਰਗ ਦੀ ਮਹਿਮਾ ਅਤੇ ਨਰਕ ਦੇ ਦੁੱਖਾਂ ਦੀਆਂ ਘਟਨਾਵਾਂ ਨੂੰ ਬਿਆਨ ਕੀਤਾ ਹੈ।

**ਨਰਕ ਦੀਆਂ ਛੇ ਗਵਾਹੀਆਂ**

**ਸਵਰਗ ਦੀਆਂ ਛੇ ਗਵਾਹੀਆਂ**

www.freecdtracts.com ਤੋਂ ਧੰਨਵਾਦ ਸਹਿਤ

ਪਬਲਿਸ਼ਰ ਰਾਜੇਸ਼ ਕੁਮਾਰ ਸਪੁੱਤਰ ਸਵਰਗੀ ਸ਼੍ਰੀ ਅਨਵਰ ਮਸੀਹ
ਪਿੰਡ - ਬੂਟਾਂ, ਡਾਕਖਾਨਾ - ਮਾਡਲ ਟਾਊਨ, ਜਲੰਧਰ -144003
Mobile No. 91-9814677061, 98146-77063,
(Resi:- 0181-2464276)
Email. rajeshbhatti007@rediffmail.com
rajeshbhatti007@yahoo.co.in

ਡੈਨੀਅਲ ਪ੍ਰਿੰਟਿਗ ਪ੍ਰੈਸ ਬੀ.ਐਕਸ. 1051, ਲੰਮਾ ਪਿੰਡ ਜਲੰਧਰ

# ਨਰਕ

## (1) ਗਵਾਹੀ 11 ਅਪ੍ਰੈਲ 1995

ਪ੍ਰਭੂ ਨੇ ਸਾਨੂੰ ਪ੍ਰਕਾਸ਼ ਦਿੱਤਾ, ਜਿਹੜਾ ਸਾਡੀ ਜ਼ਿੰਦਗੀ ਨੂੰ ਤਬਦੀਲ ਕਰਨ ਵਾਲਾ ਸੀ। ਅਸੀਂ ਖ਼ੁਦਾ ਦੇ ਵਚਨ ਤੇ ਪ੍ਰਮੇਸ਼ਵਰ ਬਾਰੇ ਜਾਨਣਾ ਸ਼ੁਰੂ ਕਰ ਦਿੱਤਾ। ਅਸੀਂ ਸੱਤ ਨੌਜਵਾਨ ਹਾਂ ਜਿਹਨਾਂ ਨੂੰ ਪ੍ਰਮੇਸ਼ਵਰ ਨੇ ਇਸ ਪ੍ਰਕਾਸ਼ ਨੂੰ ਸਾਰੀ ਦੁਨੀਆਂ ਨਾਲ ਸਾਂਝਾ ਕਰਨ ਲਈ ਚੰਗਾ ਮੌਕਾ ਦਿੱਤਾ। ਇਹ ਸਭ ਕੁਝ ਸਵੇਰੇ ਦੱਸ ਵਜੇ ਵਾਪਰਿਆ ਜਦੋਂ ਅਸੀਂ ਦੁਆ ਕਰ ਰਹੇ ਸੀ। ਇਸ ਤੋਂ ਬਾਅਦ ਅਸੀਂ ਸੈਰ ਵਾਸਤੇ ਜਾਣਾ ਸੀ। ਅਚਾਨਕ ਤੇਜ਼ ਚਮਕਦਾਰ ਪ੍ਰਕਾਸ਼ ਕਮਰੇ ਦੀ ਖਿੜਕੀ ਰਾਹੀਂ ਕਮਰੇ ਵਿੱਚ ਪ੍ਰਵੇਸ਼ ਹੋਇਆ। ਅਸੀਂ ਸਾਰੇ ਪਵਿੱਤਰ ਆਤਮਾ ਵਿੱਚ ਭਰ ਕੇ ਗ਼ੈਰ ਜ਼ੁਬਾਨਾਂ ਬੋਲਣ ਲੱਗੇ।

ਉਸੇ ਘੜੀ ਜੋ ਵਾਪਰਿਆ ਉਸ ਨੇ ਸਾਡਾ ਧਿਆਨ ਅਕ੍ਰਸ਼ਿਤ ਕੀਤਾ। ਜਲਾਲੀ ਰੋਸ਼ਨੀ ਕਮਰੇ ਨੂੰ ਚਮਕਾ ਰਹੀ ਸੀ। ਇਹ ਪ੍ਰਕਾਸ਼ ਸੂਰਜ ਦੇ ਪ੍ਰਕਾਸ਼ ਨਾਲੋਂ ਬਹੁਤ ਸੀ, ਇਸ ਪ੍ਰਕਾਸ਼ ਵਿੱਚ ਅਸੀਂ ਦੂਤਾਂ ਦਾ ਝੁੰਡ ਵੇਖਿਆ। ਇਹ ਦੂਤ ਵੇਖਣ ਵਿੱਚ ਬਹੁਤ ਸੋਹਣੇ ਤੇ ਲੰਮੇ ਸਨ। ਇਹਨਾਂ ਦੂਤਾਂ ਵਿਚਕਾਰ ਅਸੀਂ ਇੱਕ ਆਦਮੀ ਦੀ ਸ਼ਕਲ ਵੇਖੀ। ਇਹ ਇੱਕ ਖਾਸ ਆਦਮੀ ਵਰਗੀ ਸੀ, ਜਿਸ ਨੇ ਚਿੱਟਾ ਜਾਜਕਾਈ ਲਿਬਾਸ (ਵਸਤ੍ਰ) ਪਹਿਨਿਆ ਹੋਇਆ ਸੀ। **ਇਸ ਦੇ ਵਾਲ ਸੁਨਹਿਰੀ ਧਾਗੇ ਵਰਗੇ ਸੀ। ਉਸਦਾ ਚੇਹਰਾ ਤੇਜਮਈ ਪ੍ਰਕਾਸ਼ ਨਾਲ ਭਰਿਆ ਹੋਇਆ ਸੀ। ਅਸੀਂ ਉਸ ਦੀ ਛਾਤੀ ਦੁਆਲੇ ਸੋਨੇ ਦਾ ਬੈਲਟ ਵੇਖਿਆ, ਜਿਸ ਉਪਰ ਸੁਨਹਿਰੀ ਸ਼ਬਦਾਂ ਵਿੱਚ ਲਿਖਿਆ ਹੋਇਆ ਸੀ, "ਰਾਜਿਆਂ ਦਾ ਰਾਜਾ ਪ੍ਰਭੂਆਂ ਦਾ ਪ੍ਰਭੂ"।** ਇਸ ਦੇ ਪੈਰਾਂ ਵਿੱਚ ਸੋਨੇ ਦੀ ਜੁੱਤੀ ਪਾਈ ਹੋਈ ਸੀ। ਇਹ ਅਤਿਅੰਤ ਸੁੰਦਰ ਸੀ। ਜਦੋਂ ਅਸੀਂ ਇਸ ਆਦਮੀ ਦੀ ਹਜ਼ੂਰੀ ਨੂੰ ਵੇਖਿਆ ਤਾਂ ਅਸੀਂ ਆਪਣੇਂ ਗੋਡਿਆਂ ਭਾਰ ਝੁੱਕ ਗਏ।

ਤਦ ਅਸੀਂ ਉਸਦੀ ਆਵਾਜ਼ ਸੁਣਨੀ ਸ਼ੁਰੂ ਕਰ ਦਿੱਤੀ। ਇਹ ਆਵਾਜ਼ ਬਹੁਤ ਹੀ ਅਦੱਭੁਤ ਤੇ ਖ਼ਾਸ ਸੀ, ਜਿਸ ਨੇ ਸਾਡੇ ਹਿਰਦੇ ਦੋ ਧਾਰੀ ਤਲਵਾਰ ਵਾਗੂੰ ਛੇਦ ਦਿੱਤੇ। ਜਿਸ ਤਰ੍ਹਾਂ ਪ੍ਰਮੇਸ਼ਵਰ ਦੇ ਵਚਨ ਵਿੱਚ ਲਿਖਿਆ ਹੋਇਆ ਹੈ।

**ਇਬਰਾਨੀਆਂ 4:12**

**"ਕਿਉਂ ਜੋ ਪ੍ਰਮੇਸ਼ਵਰ ਦਾ ਵਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ-ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰਕੇ ਅਤੇ ਵਿੰਨ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ।"**

ਉਹ ਸਾਡੇ ਨਾਲ ਬਹੁਤ ਪਿਆਰ ਅਤੇ ਸਮੱਰਥਾ ਭਰੇ ਸ਼ਬਦਾਂ ਵਿੱਚ ਬੋਲਿਆ। ਅਸੀਂ ਉਸਨੂੰ ਇਹ ਕਹਿੰਦੇ ਹੋਏ ਸੁਣਿਆ, "ਮੇਰੇ ਪਿਆਰੇ ਬੱਚਿਓ ਨਾ ਡਰੋ, ਮੈਂ ਨਾਸਰਤ ਦਾ ਯਿਸੂ ਹਾਂ। ਮੈਂ ਇਸ ਕਰਕੇ ਤੁਹਾਡੇ ਕੋਲ ਆਇਆ ਹਾਂ ਕਿ ਤੁਹਾਨੂੰ ਇੱਕ ਭੇਦ ਬਾਰੇ ਦੱਸਾਂ, ਜਿਸ ਨੂੰ ਤੁਸੀਂ ਆਪਣੇ ਸ਼ਹਿਰਾਂ, ਦੇਸ਼ਾਂ, ਚਰਚਾਂ ਅਤੇ ਹਰੇਕ ਜਗ੍ਹਾ ਦੱਸ ਸਕੋ। ਜਿਥੇ ਮੈਂ ਤੁਹਾਨੂੰ ਦੱਸਾਂਗਾ, ਉਥੇ ਤੁਸੀਂ ਜਾਵੋਗੇ ਅਤੇ ਜਿਸ ਜਗ੍ਹਾ ਤੋਂ ਮਨ੍ਹਾ ਕਰਾਂ ਉਸ ਜਗ੍ਹਾ ਤੇ ਨਾ ਜਾਣਾ।"

**ਯੋਏਲ. 2:28**

**"ਏਹ ਦੇ ਮਗਰੋਂ ਐਉਂ ਹੋਵੇਗਾ, ਕਿ ਮੈਂ ਆਪਣਾ ਆਤਮਾ ਸਾਰੇ ਸਰੀਰਾਂ ਉੱਤੇ ਵਹਾਵਾਂਗਾ, ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ ਅਗੰਮ ਵਾਕ ਕਰਨਗੇ, ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ, ਤੁਹਾਡੇ ਜੁਆਨ ਦਰਸ਼ਣ ਵੇਖਣਗੇ।"**

* ਇਹ ਹੀ ਸਮਾਂ ਹੈ ਜਿਸ ਵਾਸਤੇ ਪ੍ਰਮੇਸ਼ਵਰ ਸਭਨਾਂ ਨੂੰ ਤਿਆਰ ਕਰ ਰਿਹਾ ਹੈ।

ਤਦ ਇੱਕ ਅਜੀਬ ਘਟਨਾ ਵਾਪਰੀ। ਸਾਡੇ ਕਮਰੇ ਵਿੱਚ ਇੱਕ ਚਟਾਨ (ਪੱਥਰ) ਉੱਭਰ ਕੇ ਸਾਹਮਣੇ ਆਇਆ, ਪ੍ਰਭੂ ਨੇ ਸਾਨੂੰ ਉਸ ਚਟਾਨ ਉਪਰ ਬਿੱਠਾ ਦਿੱਤਾ। ਚਟਾਨ ਫਰਸ਼ ਤੋਂ 8 ਇੰਚ ਉੱਪਰ ਸੀ ਅਤੇ ਫ਼ਰਸ਼ ਵਿੱਚ ਇੱਕ ਬਹੁਤ ਵੱਡਾ ਸੁਰਾਖ ਦਿੱਸਣ ਲੱਗਾ, ਇਹ ਸੁਰਾਖ ਬਹੁਤ ਵੱਡਾ ਤੇ ਕਾਲੇ ਰੰਗ ਦਾ ਡਰਾਉਣ ਵਾਲਾ ਸੀ। ਛੇਤੀ ਨਾਲ ਅਸੀਂ ਚਟਾਨ ਤੋਂ ਡਿੱਗ ਕੇ ਫ਼ਰਸ਼ ਵਿੱਚ ਹੋਏ ਸੁਰਾਖ ਰਾਹੀਂ ਹੇਠਾਂ ਜਾਣ ਲੱਗੇ। ਹਨੇਰੇ ਵਾਲੇ ਸੁਰਾਖ ਰਾਹੀਂ ਅਸੀਂ ਧਰਤੀ ਹੇਠ ਚਲੇ ਗਏ।

ਹਨੇਰੇ ਵਾਲੀ ਜਗ੍ਹਾ, ਵਿੱਚ ਅਸੀਂ ਬਹੁਤ ਡਰ ਗਏ। ਉਥੇ ਅਸੀਂ ਪ੍ਰਭੂ ਨੂੰ ਪੁਕਾਰਦੇ ਹੋਏ ਕਹਿਣ ਲੱਗੇ, ਅਸੀਂ ਇਸ ਜਗ੍ਹਾ ਵਿੱਚ ਨਹੀਂ ਜਾਣਾ ਚਾਹੁੰਦੇ। ਪ੍ਰਭੂ ਜੀ ਸਾਨੂੰ ਇਸ ਜਗ੍ਹਾ ਵਿੱਚ ਨਾ ਲੈ ਕੇ ਜਾਓ। ਇਥੋਂ ਬਾਹਰ ਕੱਢ ਲਵੋ। ਪ੍ਰਭੂ ਨੇ ਦਯਾ ਭਰੀ ਆਵਾਜ਼ ਵਿੱਚ ਉੱਤਰ ਦਿੱਤਾ, ਤੁਹਾਨੂੰ ਇਹ ਵੇਖਣਾ ਜ਼ਰੂਰੀ ਹੈ ਤਾਂ ਕਿ ਤੁਸੀਂ ਦੂਸਰਿਆਂ ਨੂੰ ਦੱਸ ਸੱਕੋ। ਅਸੀਂ ਇੱਕ ਸਿੰਙ ਦੀ ਸ਼ਕਲ ਵਰਗੀ ਸੁਰੰਗ ਵਿੱਚ ਸੀ, ਅਸੀਂ ਉਥੇ ਭੂਤ, ਦੁਸ਼ਟ ਆਤਮਾ, ਪ੍ਰਛਾਈਆਂ ਅਤੇ ਆਕ੍ਰਿਤਿਆਂ ਇੱਧਰ ਉੱਧਰ ਆਉਂਦੀਆਂ ਜਾਂਦੀਆਂ ਵੇਖੀਆਂ। ਅਸੀਂ ਹੋਰ ਡੂੰਘਾਈ ਵਿੱਚ ਜਾਣ ਲੱਗੇ। ਅਸੀਂ ਪਲ ਭਰ ਵਿੱਚ ਆਪਣੇ ਆਪ ਨੂੰ ਡਰਿਆ ਹੋਇਆ ਤੇ ਖਾਲੀ ਮਹਿਸੂਸ ਕੀਤਾ।

ਅਸੀਂ ਭਿਆਨਕ ਗੁਫਾਵਾਂ ਵਿੱਚ ਭਿਆਨਕ ਦਰਵਾਜ਼ਿਆਂ ਰਾਹੀਂ ਉੱਲਝਣ ਵਾਲੀ ਜਗ੍ਹਾ ਤੇ ਪੰਹੁਚੇ, ਪਰ ਅਸੀਂ ਇਸ ਅੰਦਰ ਜਾਣਾ ਨਹੀਂ ਚਾਹੁੰਦੇ ਸੀ। ਅਸੀਂ ਗੰਦੀ ਬਦਬੂ ਅਤੇ ਬੋ ਨੂੰ ਮਹਿਸੂਸ ਕੀਤਾ, ਜਿਸ ਕਾਰਨ ਸਾਨੂੰ ਰੁੱਕਣਾ ਪਿਆ। ਜਿਉਂ ਹੀ ਅਸੀਂ ਅੰਦਰ ਪ੍ਰਵੇਸ਼ ਕੀਤਾ ਤਾਂ ਅਤਿਅੰਤ ਡਰਾਉਣੀਆਂ ਚੀਜ਼ਾਂ ਵੇਖੀਆਂ। ਅੰਦਰੋਂ ਸਾਰੀ ਜਗ੍ਹਾ ਅੱਗ ਨਾਲ ਘਿਰੀ ਹੋਈ ਸੀ। ਅੱਗ ਦੀਆਂ ਲਾਂਟਾਂ ਵਿਚਕਾਰ ਹਜ਼ਾਰਾਂ ਲੋਕਾਂ ਦੇ ਸਰੀਰ ਬੜੇ ਦੁੱਖ ਤੇ ਤਸੀਹੇ ਝੱਲ ਰਹੇ ਸਨ। ਇਹ ਦ੍ਰਿਸ਼ ਏਨਾ ਡਰਾਉਣਾ ਸੀ ਅਸੀਂ ਇਸ ਨੂੰ ਵੇਖਣਾ ਨਹੀਂ ਚਾਹੁੰਦੇ ਸੀ। ਇਹ ਸਾਰੀ ਜਗ੍ਹਾ ਤਸੀਹੇ ਦੇਣ ਲਈ ਵੱਖ-ਵੱਖ ਭਾਗਾਂ ਵਿੱਚ ਵੰਡੀ ਹੋਈ ਸੀ। ਇਸ ਦਾ ਪਹਿਲਾ ਭਾਗ ਜਿਸਨੂੰ ਵੇਖਣ ਦੀ ਆਗਿਆ ਪ੍ਰਭੂ ਨੇ ਦਿੱਤੀ, ਉਹ ਹਿੱਸਾ ਉੱਬਲਦੇ ਹੋਏ ਕੜਾਹੇ ਵਾਗੂੰ ਸੀ। ਇਥੇ ਕਰੋੜਾਂ ਦੀ ਗਿਣਤੀ ਵਿੱਚ ਉੱਬਲਦੇ ਹੋਏ ਕੜਾਹੇ ਸਨ ਤੇ ਜ਼ਮੀਨ ਉੱਪਰ ਰੱਖੇ ਹੋਏ ਸਨ, ਹਰੇਕ ਕੜਾਹੇ ਵਿੱਚ ਉੱਬਲਦਾ ਹੋਇਆ ਲਾਵਾ ਸੀ ਅਤੇ ਮਰ ਚੁੱਕੇ ਹਰੇਕ ਆਦਮੀ ਦੀ ਜਾਨ ਹਰੇਕ ਕੜਾਹੇ ਵਿੱਚ ਸੀ, ਜੋ ਮਰ ਕੇ ਨਰਕ ਵਿੱਚ ਪਹੁੰਚ ਚੁੱਕਾ ਸੀ। ਜਿਉਂ ਹੀਂ ਉਨ੍ਹਾਂ ਜਾਨਾਂ ਨੇ ਪ੍ਰਭੂ ਵੱਲ ਵੇਖਿਆ ਤਾਂ ਉਹਨਾਂ ਨੇ ਚੀਖ ਕੇ ਕਹਿਣਾ ਸ਼ੁਰੂ ਕਰ ਦਿੱਤਾ, 'ਪ੍ਰਭੂ ਜੀ ਸਾਡੇ ਤੇ ਦਯਾ ਕਰ, ਸਾਨੂੰ ਇਥੋਂ ਨਿਕਲਣ ਲਈ ਇੱਕ ਮੌਕਾ

ਦੇਵੋ, ਤਾਂ ਜੋ ਅਸੀਂ ਸੰਸਾਰ ਵਿੱਚ ਜਾ ਕਿ ਇਸ ਜਗ੍ਹਾ ਦੀ ਹਕੀਕਤ ਦੱਸ ਸੱਕੀਏ' ਪਰ ਪ੍ਰਭੂ ਜੀ ਨੇ ਉਹਨਾਂ ਵੱਲ ਕੋਈ ਧਿਆਨ ਨਾ ਦਿੱਤਾ। ਉਸ ਜਗ੍ਹਾ ਵਿੱਚ ਕਰੋੜਾਂ ਹੀ ਔਰਤਾਂ ਅਤੇ ਜੁਆਨ ਲੋਕ ਸਨ। **ਅਸੀਂ ਉਥੇ ਸਮਲਿੰਗੀ ਅਤੇ ਸ਼ਰਾਬੀਆਂ ਨੂੰ ਵੀ ਵੇਖਿਆ** ਜੋ ਦੁੱਖ ਸਹਿੰਦੇ ਹੋਏ ਚਿੱਲਾ ਰਹੇ ਸਨ। ਸਾਨੂੰ ਇਹ ਵੇਖ ਕੇ ਬਹੁਤ ਸਦਮਾਂ ਲੱਗਾ ਕਿ ਉਹਨਾਂ ਦੇ ਸਰੀਰ ਕਿਵੇਂ ਹੋ ਰਹੇ ਹਨ। ਉਹਨਾਂ ਦੀਆਂ ਖਾਲੀ ਹੋ ਚੁੱਕੀਆਂ ਅੱਖੀਆਂ, ਮੂੰਹ, ਨਾਸਾਂ, ਅਤੇ ਕੰਨਾਂ ਵਿਚੋਂ ਕੀੜੇ ਬਾਹਰ ਆ ਜਾ ਰਹੇ ਸਨ ਅਤੇ ਬਚੇ-ਖੁਚੇ ਹੋਏ ਮਾਸ ਵਿਚੋਂ ਵੀ ਆਰ ਪਾਰ ਹੋ ਰਹੇ ਸਨ। ਇਹ ਵਚਨ ਪੜੋ,

**ਯਸਾ . 66: 24**

**"ਉਹ ਬਾਹਰ ਜਾ ਕੇ ਉਨ੍ਹਾਂ ਮਨੁੱਖਾਂ ਦੀਆਂ ਲੋਥਾਂ ਨੂੰ ਵੇਖਣਗੇ, ਜੋ ਮੇਰੇ ਅਪਰਾਧੀ ਹੋਏ, ਕਿਉਂ ਜੋ ਨਾ ਉਹਨਾਂ ਦਾ ਕੀੜਾ ਮਰੇਗਾ, ਨਾ ਉਹਨਾਂ ਦੀ ਅੱਗ ਬੁਝੇਗੀ, ਅਤੇ ਉਹ ਸਾਰੇ ਬਸ਼ਰਾਂ ਲਈ ਸੂਗ ਹੋਣਗੇ।"**

ਅਸੀਂ ਜੋ ਕੁੱਝ ਵੇਖ ਰਹੇ ਸੀ ਉਸ ਤੋਂ ਬਹੁਤ ਡਰ ਗਏ। ਅਸੀਂ ਅੱਗ ਦੀਆਂ ਲੱਪਟਾਂ 9 ਫੁੱਟ ਤੋਂ 12 ਫੁੱਟ ਉਚੀਆਂ ਵੇਖੀਆਂ। ਹਰੇਕ ਅੱਗ ਦੀ ਲਪਟ ਵਿੱਚ ਹਰੇਕ ਆਦਮੀ ਦੀ ਜਾਨ ਸੀ, ਜੋ ਮਰ ਕੇ ਨਰਕ ਵਿੱਚ ਪਹੁੰਚ ਚੁੱਕਾ ਸੀ।

ਇੱਕ ਉਬਲਦੇ ਹੋਏ ਕੜਾਹੇ ਵਿੱਚ ਇੱਕ ਮਰ ਚੁੱਕੇ ਆਦਮੀ ਦੀ ਜਾਨ ਵੇਖਣ ਲਈ ਪ੍ਰਭੂ ਨੇ ਸਾਨੂੰ ਆਗਿਆ ਦਿੱਤੀ। ਉਹ ਕੜਾਹੇ ਵਿਚੋਂ ਅੱਧਾ ਬਾਹਰ ਅਤੇ ਅੱਧਾ ਕੜਾਹੇ ਵਿੱਚ ਸੀ। ਉਸਦੇ ਚਿਹਰੇ ਦਾ ਮਾਸ ਕੜਾਹੇ ਵਿੱਚ ਡਿੱਗ ਰਿਹਾ ਸੀ, ਉਹ ਪ੍ਰਭੂ ਜੀ ਵੱਲ ਇੱਕ ਟਿਕੀ ਅੱਖ ਨਾਲ ਵੇਖ ਰਿਹਾ ਸੀ। ਉਸਨੇ ਯਿਸੂ ਨਾਂ ਵਿੱਚ ਉੱਚੀ ਆਵਾਜ਼ ਨਾਲ ਪੁਕਾਰ ਕੇ ਕਿਹਾ "**ਪ੍ਰਭੂ ਮੇਰੇ ਤੇ ਦਯਾ ਕਰ ਮੈਨੂੰ ਇਥੋਂ ਬਾਹਰ ਕੱਢ ਲੈ। ਮੈਨੂੰ ਇੱਕ ਮੌਕਾ ਦਿਉ, ਯਿਸੂ ਨੇ ਉਸ ਵੱਲ ਵੇਖਣਾ ਨਾ ਚਾਹਿਆ। ਪ੍ਰਭੂ ਜੀ ਨੇ ਉਸ ਵੱਲ ਪਿੱਠ ਕਰ ਲਈ ਤਾਂ ਉਸਨੇ ਪ੍ਰਭੂ ਨੂੰ ਫਿਟਕਾਰਨਾ ਸ਼ੁਰੂ ਕਰ ਦਿੱਤਾ।** ਇਸ ਆਦਮੀ ਦਾ ਨਾਂ **ਜੋਹਨ ਲੈਨਿਨ ਹੈ ਅਤੇ ਇਹ ਸ਼ੈਤਾਨ ਦੇ ਬੀਟਲ ਨਾਂ ਦੇ ਸੰਗੀਤ ਗਰੁੱਪ ਦਾ ਮੈਂਬਰ ਸੀ।** ਜੋਹਨ ਉਹ ਆਦਮੀ ਸੀ, ਜਿਸ ਨੇ ਆਪਣੇ ਜੀਵਨ ਦੌਰਾਨ ਪ੍ਰਭੂ ਨੂੰ ਠੱਠੇ ਅਤੇ ਮਜ਼ਾਕ ਵਿੱਚ ਉਡਾਇਆ ਸੀ। ਉਸਨੇ ਆਖਿਆ ਸੀ-ਮਸੀਹਅਤ ਅਲੋਪ ਹੁੰਦੀ ਜਾ ਰਹੀ ਹੈ ਅਤੇ ਪ੍ਰਭੂ ਯਿਸੂ ਮਸੀਹ ਨੂੰ ਹਰੇਕ ਇਨਸਾਨ ਭੁੱਲ ਜਾਵੇਗਾ, ਪਰ ਇਸ ਦੇ ਉਲਟ ਹੋਇਆ। ਪ੍ਰਭੂ ਯਿਸੂ ਮਸੀਹ ਅੱਜ ਵੀ ਜ਼ਿੰਦਾ ਹੈ ਅਤੇ ਨਾ ਹੀ ਮਸੀਹਅਤ ਅਲੋਪ ਹੋਈ, ਪਰ ਇਹ ਜੋਹਨ ਲੈਨਿਨ ਅੱਜ ਨਰਕ ਵਿੱਚ ਹੈ।

ਜਿਉਂ ਹੀ ਅਸੀਂ ਉਸ ਜਗ੍ਹਾ ਦੇ ਕਿਨਾਰਿਆਂ ਤੇ ਚੱਲਣਾ ਸ਼ੁਰੂ ਕੀਤਾ ਤਾਂ ਬਹੁਤ ਸਾਰੀਆਂ ਜਾਨਾਂ ਨੇ ਸਾਡੇ ਵੱਲ ਕ੍ਰਿਪਾ ਵਾਸਤੇ ਹੱਥ ਵਧਾਏ। ਉਹਨਾਂ ਨੇ ਯਿਸੂ ਜੀ ਨੂੰ ਕਿਹਾ, "ਸਾਨੂੰ ਇਥੋਂ ਬਾਹਰ ਕੱਢ ਲੈ"। ਪਰ ਯਿਸੂ ਜੀ ਨੇ ਉਹਨਾਂ ਵੱਲ ਨਾ ਤੱਕਿਆ। ਫਿਰ ਅਸੀਂ ਨਰਕ ਦੇ ਹੋਰ ਹਿੱਸਿਆਂ ਵੱਲ ਵੱਧਣਾ ਸ਼ੁਰੂ ਕੀਤਾ। ਅਸੀਂ ਨਰਕ ਦੇ ਸੱਭ ਤੋਂ ਵੱਧ ਭਿਆਨਕ ਹਿੱਸੇ ਵੱਲ ਵਧੇ। ਇਥੇ ਸੱਭ ਤੋਂ ਵੱਧ ਤਸੀਹੇ ਦਿੱਤੇ ਜਾ ਰਹੇ ਸਨ। ਜਿਨ੍ਹਾਂ ਨੂੰ ਮਨੁੱਖੀ ਦਿਮਾਗ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ। ਇਥੇ ਉਹ ਲੋਕ ਸਨ ਜਿਨ੍ਹਾਂ ਪ੍ਰਭੂ ਯਿਸੂ ਮਸੀਹ ਅਤੇ ਉਸਦੇ ਵਚਨ ਨੂੰ ਜਾਣਿਆ ਸੀ। **ਇਥੇ ਪਾਸਟਰ, ਇਵੈਂਜਲਿਸਟ ਮਿਸ਼ਨਰੀ ਅਤੇ ਉਹ ਸਾਰੇ ਲੋਕ ਸਨ ਜਿਨ੍ਹਾਂ ਨੇ ਪ੍ਰਭੂ ਯਿਸੂ ਨੂੰ ਸਵੀਕਾਰ ਕੀਤਾ ਸੀ ਅਤੇ ਸੱਚ ਤੋਂ ਜਾਣੂ ਸਨ, ਪਰ ਦੋਗਲਾ ਜੀਵਨ ਬਿਤਾਇਆ ਸੀ। ਇਥੇ ਵਿਸ਼ਵਾਸ ਤੋਂ ਪਿੱਛੇ ਹਟੇ ਇਨਸਾਨ ਵੀ ਸਨ, ਜਿਨ੍ਹਾਂ ਨੂੰ ਦੂਜਿਆਂ ਨਾਲੋਂ ਹਜ਼ਾਰ ਗੁਣਾਂ ਵੱਧ ਤਸੀਹੇ ਦਿੱਤਾ ਜਾ ਰਹੇ ਸਨ।** ਉਹ ਪ੍ਰਭੂ ਕੋਲ ਦਯਾ ਦੀ ਭੀਖ ਮੰਗ ਰਹੇ ਸਨ।

**ਇਬਰਾਨੀਆਂ 10: 26,27**

**"ਜੇ ਅਸੀਂ ਸਤ ਦਾ ਗਿਆਨ ਪ੍ਰਾਪਤ ਕਰਨ ਦੇ ਪਿਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿਤ ਫੇਰ ਕੋਈ ਬਲੀਦਾਨ ਨਹੀਂ ਪਰ ਨਿਆਉਂ ਦੀ ਭਿਆਨਕ ਉਡੀਕ ਅਤੇ ਅੱਗ ਦੀ ਸੜਨ ਬਾਕੀ ਹੈ ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ।"**

* ਇਹ ਜਾਨਾਂ ਇਸ ਕਰਕੇ ਵੀ ਇਥੇ ਸਨ ਇਨ੍ਹਾਂ ਨੇ ਪ੍ਰਚਾਰ ਕੀਤਾ ਸੀ, ਵਰਤ ਰੱਖੇ ਸਨ, ਭਜਨ ਗਾਏ ਸਨ, ਪਰ ਗਲੀਆਂ, ਘਰਾਂ ਵਿੱਚ ਵਿਭਚਾਰ ਕਰਨ ਵਾਲੀ, ਪਲੀਤੀ ਦਾ ਝੂਠ ਅਤੇ ਠੱਗੀ ਵਾਲਾ ਜੀਵਨ ਗੁਜ਼ਾਰਿਆ ਸੀ। ਅਸੀਂ ਪ੍ਰਮੇਸ਼ਵਰ ਨਾਲ ਝੂਠ ਨਹੀਂ ਬੋਲ ਸਕਦੇ।

**ਲੂਕਾ 12: 48**

**"ਪਰ ਜਿਹੜਾ ਨਹੀਂ ਸੀ ਜਾਣਦਾ ਅਤੇ ਮਾਰ ਖਾਣ ਦੇ ਯੋਗ ਕੰਮ ਕੀਤਾ ਉਹ ਥੋੜੀ ਮਾਰ ਖਾਵੇਗਾ ਅਤੇ ਜਿਸ ਕਿਸੇ ਨੂੰ ਬਹੁਤ ਦਿੱਤਾ ਗਿਆ ਹੈ ਉਸ ਤੋਂ ਬਹੁਤੇ ਦਾ ਲੇਖਾ ਲਿਆ ਜਾਵੇਗਾ ਅਤੇ ਜਿਹ ਨੂੰ ਲੋਕਾਂ ਨੇ ਬਹੁਤ ਸੌਂਪਿਆ ਹੈ ਉਸ ਤੋਂ ਵਧੀਕ ਮੰਗਣਗੇ।"**

ਪ੍ਰਮੇਸ਼ਵਰ ਨੇ ਸਾਨੂੰ ਦੋ ਔਰਤਾਂ ਵੇਖਣ ਦੀ ਆਗਿਆ ਦਿੱਤੀ, ਜਿਹੜੀਆਂ ਇੱਕ ਸਮੇਂ, ਧਰਤੀ ਤੇ ਮਸੀਹੀ ਭੈਣਾਂ ਸਨ ਪਰ ਉਹਨਾਂ ਨੇ ਪ੍ਰਭੂ ਯਿਸੂ ਮਸੀਹ ਅੱਗੇ ਧਰਮੀ ਜੀਵਨ ਨਹੀਂ ਬਿਤਾਇਆ ਸੀ। ਇੱਕ ਨੇ ਦੂਜੀ ਨੂੰ ਕਿਹਾ - ਤੂੰ ਸਰਾਪੀ ਅਤੇ ਮੰਦਭਾਗੀ

ਹੈਂ, ਤੇਰੀ ਗਲਤੀ ਕਰਕੇ ਮੈਂ ਇਸ ਜਗ੍ਹਾ ਤੇ ਹਾਂ, ਤੂੰ ਮੈਨੂੰ ਪਵਿੱਤਰ ਅੰਜੀਲ ਦਾ ਵਚਨ ਨਹੀਂ ਸੁਣਾਇਆ ਤੂੰ ਮੈਨੂੰ ਸੱਚ ਬਾਰੇ ਨਹੀਂ ਦੱਸਿਆ ਇਸ ਕਰਕੇ ਮੈਂ ਇਥੇ ਨਰਕ ਵਿੱਚ ਹਾਂ। ਉਹ ਇਹ ਸ਼ਬਦ ਇੱਕ ਦੂਜੇ ਨੂੰ ਅੱਗ ਦੀਆਂ ਲਪਟਾਂ ਵਿੱਚ ਕਹਿ ਰਹੀਆਂ ਸਨ ਅਤੇ ਇੱਕ ਦੂਜੇ ਤੋਂ ਨਫਰਤ ਕਰ ਰਹੀਆਂ ਸਨ **ਕਿਉਂਕਿ ਨਰਕ ਵਿੱਚ ਪਿਆਰ ਦਯਾ ਅਤੇ ਮਾਫੀ ਨਹੀਂ ਹੈ।**

ਇਥੇ ਹਜ਼ਾਰਾਂ ਦੀ ਗਿਣਤੀ ਵਿੱਚ ਜਾਨਾਂ ਸਨ ਜਿਨ੍ਹਾਂ ਨੇ ਪ੍ਰਭੂ ਨੂੰ ਜਾਣਿਆ ਸੀ, ਪਰ ਉਹਨਾਂ ਦਾ ਜੀਵਨ ਪ੍ਰਭੂ ਦੀ ਹਜ਼ੂਰੀ ਅੱਗੇ ਸ਼ੁੱਧ ਨਹੀਂ ਸੀ। ਪ੍ਰਭੂ ਨੇ ਕਿਹਾ ਤੁਸੀਂ ਪ੍ਰਮੇਸ਼ਵਰ ਅਤੇ ਨਰਕ ਦੀਆਂ ਅੱਗ ਦੀਆਂ ਲਾਟਾਂ ਨਾਲ ਖੇਡ ਨਹੀਂ ਸਕਦੇ **ਪ੍ਰਭੂ ਨੇ ਫੇਰ ਕਿਹਾ ਮੇਰੇ ਬੱਚਿਓ ਧਰਤੀ ਤੇ ਜਿੰਨਾ ਵੀ ਤੁਸੀਂ ਦੁੱਖ ਸਹਿ ਲਿਆ ਇਥੇ ਨਰਕ ਵਿੱਚ ਸਹੇ ਜਾਣ ਵਾਲੇ ਦੁੱਖ ਨਾਲੋਂ ਕੁਝ ਵੀ ਨਹੀਂ ਹੈ।** ਜੇ ਨਰਕ ਦੇ ਇੱਕ ਹਿੱਸੇ ਵਿੱਚ ਇੰਨਾ ਦੁੱਖ ਹੈ ਤਾਂ ਨਰਕ ਦੇ ਵਿਚਕਾਰ ਕਿੰਨਾ ਦੁੱਖ ਹੋਵੇਗਾ। ਜਿਹੜੇ ਇੱਕ ਵਾਰ ਪਰਮੇਸ਼ਵਰ ਦਾ ਵਚਨ ਜਾਣ ਕੇ ਉਸ ਪਿਛੇ ਨਾ ਚੱਲੇ। ਤਦ ਪ੍ਰਭੂ ਨੇ ਸਾਨੂੰ ਆਖਿਆ ਕਿ ਅਸੀਂ ਧਰਤੀ ਤੇ ਅੱਗ ਦੀਆਂ ਲਾਟਾਂ ਨਾਲ ਖੇਡ ਸਕਦੇ ਹਾਂ ਪਰ ਨਰਕ ਦੀ ਅੱਗ ਨਾਲ ਕਦੇ ਵੀ ਨਹੀਂ ਖੇਡ ਸਕਦੇ।

ਅਸੀਂ ਲਗਾਤਾਰ ਨਵੇਂ ਥਾਵਾਂ ਵਿੱਚ ਜਾਣਾ ਜਾਰੀ ਰੱਖਿਆ ਅਤੇ ਪ੍ਰਭੂ ਜੀ ਨੇ ਸਾਨੂੰ ਬਹੁਤ ਤਰ੍ਹਾਂ ਦੇ ਲੋਕ ਵਿਖਾਲੇ। ਅਸੀਂ ਵੇਖ ਸਕਦੇ ਸੀ ਕਿ ਉਹਨਾਂ ਲੋਕਾਂ ਨੂੰ ਇੱਕੋ ਵੇਲੇ ਛੇ (6) ਤਰ੍ਹਾਂ ਦੇ ਤਸੀਹੇ ਦਿੱਤੇ ਜਾ ਰਹੇ ਸਨ। ਉਥੇ ਉਹ ਵੀ ਜਾਨਾਂ ਸਨ ਜਿਨ੍ਹਾਂ ਨੂੰ ਦੁਸ਼ਟ ਆਤਮਾਵਾਂ ਵੱਖ-ਵੱਖ ਤਰ੍ਹਾਂ ਦੇ ਤਸੀਹੇ ਦੇ ਰਹੀਆਂ ਸਨ। ਇੱਕ ਹੋਰ ਭਿਆਨਕ ਤਸੀਹਾ ਉਹਨਾਂ ਦੀ ਆਪਣੀ ਹੀ ਅੰਦਰੂਨੀ ਚੇਤਨਾ ਸੀ। ਜਿਹੜੀ ਉਹਨਾਂ ਨੂੰ ਕਹਿ ਰਹੀ ਸੀ- ਯਾਦ ਕਰ ਜਦੋਂ ਉਹਨਾਂ ਨੇ ਪਰਮੇਸ਼ਵਰ ਦਾ ਵਚਨ ਸੁਣਾਇਆ। ਯਾਦ ਕਰ ਜਦੋਂ ਉਹਨਾਂ ਨੇ ਤੈਨੂੰ ਨਰਕ ਬਾਰੇ ਪਰਮੇਸ਼ਵਰ ਦਾ ਵਚਨ ਸੁਣਾਇਆ ਤੂੰ ਉਹਨਾਂ ਤੇ ਹੱਸਿਆ। ਉਹਨਾਂ ਦੀਆਂ ਆਪਣੀਆਂ ਹੀ ਚੇਤਨਾਵਾਂ ਉਹਨਾਂ ਨੂੰ ਤਸੀਹੇ ਦੇ ਰਹੀਆਂ ਸਨ। ਲਗਾਤਾਰ ਉਹਨਾਂ ਦੇ ਸਰੀਰਾਂ ਵਿੱਚ ਕੀੜੇ ਅੰਦਰ ਅਤੇ ਬਾਹਰ ਆ ਜਾ ਰਹੇ ਸਨ ਅਤੇ ਲਗਾਤਾਰ ਹਜ਼ਾਰਾਂ ਗੁਣਾਂ ਉਹਨਾਂ ਨੂੰ ਅੱਗ ਭਸਮ ਕਰ ਰਹੀ ਸੀ। ਇਹ ਉਹ ਹੀ ਇਨਾਮ ਹੈ ਜਿਹੜਾ ਸ਼ੈਤਾਨ ਨੇ ਉਹਨਾਂ ਲਈ ਰੱਖਿਆ ਹੈ ਜਿਹੜੇ ਉਸ ਪਿਛੇ ਚਲਦੇ ਹਨ।

**ਪ੍ਰਕਾਸ਼ ਦੀ ਪੋਥੀ 21:8**

**"ਪਰ ਡਰਾਕਲਾਂ, ਬੇਪ੍ਰਤੀਤਿਆਂ, ਘਿਣਾਉਣਿਆਂ, ਖੂਨੀਆਂ, ਹਰਾਮਕਾਰਾਂ, ਜਾਦੂਗਰਾਂ, ਮੂਰਤੀ ਪੂਜਕਾਂ ਅਤੇ ਸਾਰਿਆਂ ਝੂਠਿਆਂ ਦਾ ਹਿੱਸਾ ਉਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬੱਲਦੀ ਹੈ ! ਇਹ ਦੂਈ ਮੌਤ ਹੈ।"**

ਫਿਰ ਸਾਨੂੰ ਇੱਕ ਮਨੁੱਖ ਵਿਖਾਇਆ ਗਿਆ ਜਿਸ ਨੇ ਛੇ ਲੋਕਾਂ ਦਾ ਕਤਲ ਕੀਤਾ ਸੀ। ਹੁਣ ਉਹਨਾਂ ਛੇ ਮਨੁੱਖਾਂ ਨੇ ਉਸ ਮਨੁੱਖ ਨੂੰ ਘੇਰਿਆ ਹੋਇਆ ਸੀ ਅਤੇ ਚਿੱਲਾ ਕੇ ਉਸ ਨੂੰ ਕਹਿ ਰਹੇ ਸਨ, "ਤੇਰੀ ਗਲਤੀ ਕਰਕੇ ਅਸੀਂ ਇਥੇ ਹਾਂ।" ਉਸ ਕਾਤਲ ਨੇ ਆਪਣੇ ਹੱਥਾਂ ਨਾਲ ਆਪਣੇ ਕੰਨ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਉਹਨਾਂ ਦੀ ਅਵਾਜ਼ ਨਾ ਸੁਣ ਸਕੇ, ਪਰ ਉਸ ਦਾ ਇਸ ਤਰ੍ਹਾਂ ਕਰਨਾ ਵਿਅਰਥ ਹੋਇਆ, ਕਿਉਂਕਿ ਨਰਕ ਵਿੱਚ ਸਾਡੀਆਂ ਚੇਤਨਾਵਾਂ ਹੋਰ ਵੀ ਕ੍ਰਿਆਸ਼ੀਲ ਹੋ ਜਾਂਦੀਆਂ ਹਨ।

ਉਸ ਜਗ੍ਹਾ ਤੇ ਉਹ ਜਾਨਾਂ ਭਿਅੰਕਰ ਪਿਆਸ ਕਾਰਨ ਤੜਫ ਰਹੀਆਂ ਸੀ। ਉਹਨਾਂ ਦੀ ਇਹ ਪਿਆਸ ਕਦੇ ਵੀ ਨਹੀਂ ਬੁੱਝ ਸਕਦੀ। ਜਿਸ ਤਰ੍ਹਾਂ ਪਵਿੱਤਰ ਬਾਈਬਲ ਵਿੱਚ ਲਾਜ਼ਰ ਅਤੇ ਧਨੀ ਮਨੁੱਖ ਬਾਰੇ ਬਿਆਨ ਕੀਤਾ ਗਿਆ ਹੈ **ਲੂਕਾ** 16:24 ਅਮੀਰ ਆਦਮੀ ਨਰਕ ਵਿੱਚ ਇੱਕ ਬੂੰਦ ਪਾਣੀ ਲਈ ਤੜਫ ਰਿਹਾ ਸੀ।

**ਯਸਾਯਾਹ 34:9**

**"ਉਹ ਦੀਆਂ ਨਦੀਆਂ ਰਾਲ ਬਣ ਜਾਣਗੀਆਂ ਅਤੇ ਉਹ ਦੀ ਖ਼ਾਕ, ਗੰਧਕ, ਉਹਦੀ ਧਰਤੀ ਬਲਦੀ ਹੋਈ ਰਾਲ ਹੋ ਜਾਵੇਗੀ।"**

ਉਸ ਜਗ੍ਹਾ ਵਿੱਚ ਹਰੇਕ ਜਾਨ ਅੱਗ ਦੇ ਵਿਚਕਾਰ ਸੀ। ਲੋਕਾਂ ਨੇ ਅੱਗ ਦੇ ਵਿੱਚ ਸ਼ੀਸ਼ੇ ਵਾਂਗੂੰ ਚਮਕਦੇ ਸਾਫ ਪਾਣੀ ਦੀਆਂ ਨਦੀਆਂ ਵੇਖੀਆਂ ਪਰ ਜਦੋਂ ਉਹਨਾਂ ਕੋਲ ਗਏ ਤਾਂ ਉਹ ਨਦੀਆਂ ਅੱਗ ਵਿੱਚ ਬਦਲ ਗਈਆਂ। ਉਹਨਾਂ ਨੇ ਫਲਾਂ ਨਾਲ ਲੱਦੇ ਹੋਏ ਦੱਰਖਤ ਵੇਖੇ ਜਿੰਨ੍ਹਾਂ ਦੇ ਫਲਾਂ ਵਿੱਚੋਂ ਪਾਣੀ ਵੱਗਦਾ ਸੀ ਪਰ ਜਿਉਂ ਹੀ ਉਹਨਾਂ ਨੂੰ ਲੈਣ ਵਾਸਤੇ ਉਹਨਾਂ ਹੱਥ ਵਧਾਏ ਤਾਂ ਉਹਨਾਂ ਦੇ ਹੱਥ ਜਲ ਗਏ ਅਤੇ ਦੁਸ਼ਟ ਆਤਮਾ ਨੇ ਉਹਨਾਂ ਦਾ ਮਜ਼ਾਕ ਉਡਾਇਆ।

ਫੇਰ ਸਾਨੂੰ ਪ੍ਰਭੂ ਜੀ ਇਸ ਤੋਂ ਵੱਧ ਭਿਆਨਕ ਜਗ੍ਹਾ, ਵਿਖਾਉਣ ਲਈ ਲੈ ਗਿਆ, ਅਸੀਂ ਅੱਗ ਅਤੇ ਗੰਧਕ ਨਾਲ ਬੱਲਦੀ ਹੋਈ ਝੀਲ ਵੇਖੀ। ਇਸ ਝੀਲ ਨਾਲ ਛੋਟੀ ਜਿਹੀ ਇੱਕ ਹੋਰ ਝੀਲ ਸੀ। ਉਸ ਵਿੱਚ ਕਰੋੜਾਂ ਹੀ ਜਾਨਾਂ ਪ੍ਰਭੂ ਜੀ ਕੋਲੋਂ ਦਯਾ ਦੀ ਭੀਖ ਮੰਗ ਰਹੀਆਂ ਸਨ। ਉਨ੍ਹਾਂ ਨੇ ਪ੍ਰਭੂ ਜੀ ਨੂੰ ਕਿਹਾ - ਕ੍ਰਿਪਾ ਕਰਕੇ ਸਾਨੂੰ ਇਥੋਂ ਇੱਕ ਪਲ ਲਈ ਬਾਹਰ ਕੱਢ ਦਿਓ। ਪ੍ਰਭੂ ਜੀ ਸਾਨੂੰ ਇੱਕ ਮੌਕਾ ਬਾਹਰ ਜਾਣ ਦਾ ਦੇਵੋ, ਫਿਰ ਵੀ ਪ੍ਰਭੂ ਉਨ੍ਹਾਂ ਲਈ ਕੁਝ ਨਾ ਕਰ ਸਕਿਆ ਕਿਉਂਕਿ ਉਹਨਾਂ ਦੀ ਸਜ਼ਾ ਪਹਿਲਾਂ ਹੀ ਤਹਿ ਹੋ ਚੁੱਕੀ ਸੀ। ਉਹਨਾਂ ਕਰੋੜਾਂ ਕਰੋੜਾਂ ਲੋਕਾਂ ਵਿਚਕਾਰ ਪ੍ਰਭੂ ਨੇ ਸਾਨੂੰ ਇੱਕ ਆਦਮੀ ਵੱਲ ਧਿਆਨ ਦੇਣ ਲਈ ਕਿਹਾ ਜਿਸ ਦਾ ਅੱਧਾ ਸਰੀਰ ਅੱਗ ਦੀ ਝੀਲ ਵਿੱਚ ਸਮਾਇਆ ਹੋਇਆ ਸੀ। ਪ੍ਰਭੂ ਨੇ ਉਸ ਦੇ ਵਿਚਾਰ ਜਾਣਨ ਲਈ ਸਾਨੂੰ ਬੁੱਧ ਦਿੱਤੀ। ਉਸ ਆਦਮੀ ਦਾ

ਨਾਂ ਮਾਰਕ ਸੀ। ਅਸੀਂ ਉਸ ਆਦਮੀ ਦੇ ਵਿਚਾਰ ਜੋ ਉਸ ਨੇ ਆਪਣੇ ਬਾਰੇ ਸੋਚੇ ਸਨ, ਜਾਣ ਕੇ ਬਹੁਤ ਹੈਰਾਨ ਹੋਏ ਅਤੇ ਅਨੰਤ ਸਬਕ ਸਿਖਿਆ ਉਸ ਦੇ ਵਿਚਾਰ ਇਸ ਤਰ੍ਹਾਂ ਸਨ - ਮੈਂ ਕੁਝ ਵੀ ਦੇਣ ਲਈ ਤਿਆਰ ਹਾਂ। ਤੁਹਾਡੀ ਜਗ੍ਹਾ ਤੇ ਆਉਣ ਵਾਸਤੇ ਮੈਂ ਧਰਤੀ ਤੇ ਜਾਣ ਲਈ ਕੁਝ ਵੀ ਦੇ ਸਕਦਾ ਹਾਂ। ਮੈਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਭਾਵੇਂ ਮੈਂ ਦੁਨੀਆਂ ਦਾ ਸੱਭ ਤੋਂ ਵੱਧ ਕੇ ਮੰਦ ਭਾਗਾ, ਬਿਮਾਰ ਨਫਰਤ ਕੀਤਾ ਹੋਇਆ ਜਾਂ ਗਰੀਬ ਇਨਸਾਨ ਬਣ ਜਾਵਾਂ। ਜੇ ਮੈਨੂੰ ਧਰਤੀ ਤੇ ਇੱਕ ਮਿੰਟ ਜਾਣ ਦਾ ਮੌਕਾ ਮਿਲ ਜਾਵੇ। ਪ੍ਰਭੂ ਨੇ ਮੇਰਾ ਹੱਥ ਫੜਿਆ ਹੋਇਆ ਸੀ। ਪ੍ਰਭੂ ਜੀ ਨੇ ਮਾਰਕ ਦੇ ਖਿਆਲ ਦੇ ਜਵਾਬ ਵਿੱਚ ਕਿਹਾ - ਮਾਰਕ ਤੂੰ ਧਰਤੀ ਤੇ ਇੱਕ ਮਿੰਟ ਵਾਸਤੇ ਕਿਉਂ ਵਾਪਸ ਜਾਣਾ ਚਾਹੁੰਦਾ ਹੈਂ। ਉਸ ਨੇ ਹੈਰਾਨੀ ਤੇ ਦੁੱਖ ਭਰੀ ਅਵਾਜ਼ ਵਿੱਚ ਕਿਹਾ - ਪ੍ਰਭੂ ਜੀ, ਮੈਂ ਧਰਤੀ ਤੇ ਇੱਕ ਮਿੰਟ ਜਾਣ ਲਈ ਕੁੱਝ ਵੀ ਦੇਣ ਨੂੰ ਤਿਆਰ ਹਾਂ, ਤਾਂ ਜੋ ਮੈਂ ਤੋਬਾ ਕਰਕੇ ਬਚਾਇਆ ਜਾਵਾਂ।

ਜਦੋਂ ਪ੍ਰਭੂ ਨੇ ਮਾਰਕ ਦੇ ਵਚਨ ਸੁਣੇ ਤਾਂ ਪ੍ਰਭੂ ਜੀ ਦੇ ਜ਼ਖਮਾਂ ਵਿੱਚੋਂ ਲਹੂ ਬਾਹਰ ਆਉਣ ਲੱਗਾ ਅਤੇ ਅੱਖਾਂ ਵਿੱਚੋਂ ਅੱਥਰੂ। ਉਸ ਨੇ ਕਿਹਾ ਮਾਰਕ ਤੇਰੇ ਲਈ ਬਹੁਤ ਦੇਰ ਹੋ ਚੁੱਕੀ ਹੈ, ਹੁਣ ਕੀੜੇ ਤੇਰੇ ਲਈ ਵਿਛਾਉਣਾ ਅਤੇ ਕੀੜੇ ਹੀ ਤੇਰੇ ਉੱਪਰ ਆ ਜਾਣਗੇ।

**ਯਸਾਯਾਹ 14:11**

**"ਤੇਰੀ ਭੜਕ ਅਤੇ ਤੇਰੀਆਂ ਬਰਬਤਾਂ ਦੀ ਅਵਾਜ਼ ਪਤਾਲ ਵਿੱਚ ਲਾਹੀ ਗਈ, ਕੀੜੇ ਤੇਰੇ ਹੇਠ ਵਿਛਾਏ ਗਏ, ਅਤੇ ਕਿਰਮ ਹੀ ਤੇਰਾ ਕੱਜਣ ਹਨ।"**

* ਜਦੋਂ ਪ੍ਰਭੂ ਇਹ ਕਹਿ ਚੁੱਕਾ ਤਾਂ ਉਹ ਅੱਗ ਦੀ ਝੀਲ ਵਿੱਚ ਹਮੇਸ਼ਾ ਲਈ ਧੱਸ ਗਿਆ। **ਦੁੱਖ ਭਰੀ ਗੱਲ ਇਹ ਹੈ ਕਿ** ਉਹਨਾਂ ਜਾਨਾਂ ਲਈ ਕੋਈ ਆਸ਼ਾ ਨਹੀਂ ਹੈ ਸਿਰਫ ਧਰਤੀ ਉਪਰ ਹੀ ਅੱਜ ਸਾਨੂੰ ਤੋਬਾ ਕਰਨ ਦਾ ਮੌਕਾ ਹੈ ਤਾਂ ਕਿ ਅਸੀਂ ਆਪਣੇ ਪ੍ਰਭੂ ਯਿਸੂ ਕਾਰਨ ਸਵਰਗ ਵਿੱਚ ਜਾ ਸਕੀਏ।

ਹੁਣ ਮੈਂ ਆਪਣੀ ਦੂਸਰੀ ਭੈਣ ਨੂੰ ਗਵਾਹੀ ਦੇਣ ਲਈ ਛੱਡ ਰਿਹਾ ਹਾਂ।

ਧੰਨਵਾਦ।

## ਗਵਾਹੀ -2

# ਭੈਣ ਲੂਪ ਦੁਆਰਾ

ਪਿਆਰੇ ਭੈਣੋ ਅਤੇ ਭਰਾਵੋ ਪ੍ਰਭੂ ਤੁਹਾਨੂੰ ਬਰਕਤ ਦੇਵੇ।

**ਜ਼ਬੂਰ 18:9**

**"ਉਸ ਨੇ ਅਕਾਸ਼ਾਂ ਨੂੰ ਝੁਕਾਇਆ ਅਤੇ ਹੇਠਾਂ ਉਤਾਰਿਆ ਅਤੇ ਉਸ ਦੇ ਪੈਰਾਂ ਹੇਠਾਂ ਘੁੱਪ ਹਨ੍ਹੇਰਾ ਸੀ।**

ਜਦੋਂ ਪ੍ਰਭੂ ਨੇ ਮੇਰੇ ਵੱਲ ਹੱਥ ਵਧਾਇਆ ਤਾਂ ਮੈਂ ਪ੍ਰਭੂ ਦਾ ਹੱਥ ਘੁੱਟ ਕੇ ਫੜ ਲਿਆ ਤਾਂ ਅਸੀਂ ਉਸ ਸੁਰੰਗ ਵਿੱਚ ਹੇਠਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ। ਸੁਰੰਗ ਵਿੱਚ ਹੇਠਾਂ ਜਾਂਦੇ ਸਮੇਂ ਹਨ੍ਹੇਰਾ ਇੰਨਾਂ ਵੱਧ ਗਿਆ ਕਿ ਆਪਣਾ ਹੱਥ ਦਿਖਾਈ ਨਹੀਂ ਦਿੰਦਾ ਸੀ।

ਅਚਾਨਕ ਅਸੀਂ ਇੱਕ ਹਨ੍ਹੇਰੇ ਵਾਲੀ ਜਗ੍ਹਾ ਤੋਂ ਲੰਘੇ ਜਿਸ ਵਿੱਚ ਚੰਗਿਆੜੇ ਉੱਠਣ ਦਾ ਸ਼ੋਰ ਹੋ ਰਿਹਾ ਸੀ। ਹਨੇਰਾ ਇੰਨ੍ਹਾ ਜ਼ਿਆਦਾ ਸੀ ਕਿ ਸੁਰੰਗ ਦੀਆਂ ਦੀਵਾਰਾਂ ਵੀ ਵਿਖਾਈ ਨਹੀਂ ਦਿੰਦੀਆਂ ਸਨ। ਸੁਰੰਗ ਵਿੱਚ ਏਨੀ ਤੇਜ਼ ਰਫਤਾਰ ਨਾਲ ਜਾਣ ਕਰਕੇ ਮੈਂ ਆਪਣੀ ਜਾਨ ਨੂੰ ਸਰੀਰ ਤੋਂ ਵੱਖ ਹੁੰਦੇ ਮਹਿਸੂਸ ਕੀਤਾ। ਅਚਾਨਕ ਮੈਂ ਇੱਕ ਸੜ੍ਹੀ ਗਲੀ ਬਦਬੂਦਾਰ ਮਾਸ ਦੀ ਦੁਰਗੰਧ ਨੂੰ ਮਹਿਸੂਸ ਕੀਤਾ। ਇਹ ਬਦਬੂ ਵੱਧਦੀ ਜਾ ਰਹੀ ਸੀ। ਤਦ ਮੈਂ ਕਰੋੜਾਂ ਕਰੋੜਾਂ ਜਾਨਾਂ ਦੀਆਂ ਅਵਾਜ਼ਾਂ ਸੁਣੀਆਂ ਜਿਹੜੀਆਂ ਲਗਾਤਾਰ ਚਿਲਾਉਂਦੇ ਹੋਏ ਸ਼ੋਕ ਮਨਾ ਰਹੀਆਂ ਸਨ। ਮੈਂ ਏਨਾ ਡਰ ਗਈ ਅਤੇ ਪ੍ਰਭੂ ਨੂੰ ਕਿਹਾ ਤੁਸੀਂ ਮੈਨੂੰ ਕਿਥੇ ਲੈ ਕੇ ਜਾ ਰਹੇ ਹੋ। ਮੇਰੇ ਉੱਪਰ ਦਯਾ ਕਰੋ, ਪਰ ਪ੍ਰਭੂ ਨੇ ਉੱਤਰ ਦਿੱਤਾ - ਇਹ ਤੇਰੇ ਲਈ ਜ਼ਰੂਰੀ ਹੈ ਕਿ ਤੂੰ ਇਸ ਨੂੰ ਵੇਖੇਂ। ਅਸੀਂ ਲਗਾਤਾਰ ਇੱਕ ਸਿੰਙ ਵਰਗੀ ਸੁਰੰਗ ਵਿੱਚ ਹੇਠਾਂ ਵੱਲ ਵੱਧਦੇ ਗਏ ਜਦ ਤੱਕ ਅਸੀਂ ਉਸ ਘੁੱਪ ਹਨ੍ਹੇਰੇ ਵਾਲੀ ਜਗ੍ਹਾ ਤੇ ਜਾ ਪਹੁੰਚੇ। ਫਿਰ ਜਿਵੇਂ ਕਿਸੇ ਨੇ ਇੱਕ ਭਾਰੀ ਪਰਦਾ ਮੇਰੀਆਂ ਅੱਖਾਂ ਤੋਂ ਉਤਾਰ ਦਿੱਤਾ। ਮੈਂ ਕਰੋੜਾਂ ਕਰੋੜਾਂ ਅੱਗ ਦੀਆਂ ਲਪਟਾਂ ਵੇਖੀਆਂ। ਇਸ ਤੋਂ ਵੀ ਬੁਰਾ ਮੈਂ ਪੀੜਾਂ ਨਾਲ ਭਰੀਆਂ ਹੋਈਆਂ ਚੀਕਾਂ ਸੁਣੀਆਂ ਪਰ ਕਿਸੇ ਨੂੰ ਨਾ ਵੇਖਿਆ। ਮੈਂ ਬਿਲਕੁਲ ਡਰ ਗਈ ਅਤੇ ਪ੍ਰਭੂ ਨੂੰ ਕਿਹਾ ਮੇਰੇ ਤੇ ਦਯਾ ਕਰ। **"ਮੇਹਰਬਾਨੀ ਕਰਕੇ ਮੈਨੂੰ ਇਸ ਜਗ੍ਹਾ ਵਿੱਚ ਨਾ ਲੈ ਕੇ ਜਾਹ ਮੈਨੂੰ ਮਾਫ਼ ਕਰੋ।"** ਇਸ ਵੇਲੇ ਤੱਕ ਮੈਨੂੰ ਇਹ ਪਤਾ ਨਹੀਂ ਸੀ ਕਿ ਦਰਸ਼ਨ ਦੇ ਤੌਰ ਤੇ ਨਰਕ ਨੂੰ ਵੇਖਣ ਆਈ ਹਾਂ। ਮੈਂ ਸਮਝਿਆ ਕਿ ਸ਼ਾਇਦ ਅੱਜ ਕਿਆਮਤ ਦਾ ਦਿਨ ਆ ਗਿਆ ਹੈ। ਪ੍ਰਭੂ ਯਿਸੂ ਮਸੀਹ ਦੇ ਸਾਮ੍ਹਣੇ ਮੈਂ ਬੁਰੀ ਤਰ੍ਹਾਂ ਕੰਬ ਰਹੀ ਸੀ। ਮੈਂ ਸੋਚਿਆ ਮੇਰੇ ਜੀਵਨ ਦਾ ਆਖਰੀ ਮੌਕਾ ਹੈ।

ਅਸੀਂ ਵੱਡੀ ਸਾਰੀ ਅੱਗ ਦੀ ਲਪਟ ਕੋਲ ਆਏ ਜਿਹੜੀ ਪੂਰੀ ਤਾਕਤ ਨਾਲ ਬਲ ਰਹੀ ਸੀ। ਹੌਲੀ ਹੌਲੀ ਹੇਠਾਂ ਜਾਂਦੇ ਹੋਏ ਮੈਂ ਅੱਗ ਦੀਆਂ ਬਹੁਤ ਸਾਰੀਆਂ ਲਪਟਾਂ ਵੇਖੀਆਂ ਜਿਹਨਾਂ ਵਿੱਚ ਕਰੋੜਾਂ ਜਾਨਾਂ ਇਕੋ ਹੀ ਅਵਾਜ਼ ਵਿੱਚ ਚਿੱਲਾ ਰਹੀਆਂ ਸਨ। ਇਥੇ ਮੈਂ ਲੱਕੜ ਦਾ ਮੇਜ਼ ਵੇਖਿਆ ਜਿਹੜਾ ਅੱਗ ਨਾਲ ਜਲ ਨਹੀਂ ਰਿਹਾ ਸੀ। ਇਸ ਉਪਰ ਬੀਅਰ ਦੀਆਂ ਬੋਤਲਾਂ ਪਈਆਂ ਵਿਖਾਈ ਦੇ ਰਹੀਆਂ ਸਨ। ਇਹ ਤਾਜ਼ਾ ਕਰਨ ਵਾਲੀਆਂ ਵਿਖਾਈ ਦੇ ਰਹੀਆਂ ਸਨ, ਪਰ ਇਹ ਪੂਰੀਆਂ ਅੱਗ ਨਾਲ ਭਰੀਆਂ ਹੋਈਆਂ ਸਨ। ਜਦੋਂ ਮੈਂ ਇਹਨਾਂ ਵੱਲ ਵੇਖ ਰਹੀ ਸੀ ਤਾਂ ਅਚਾਨਕ ਇੱਕ ਆਦਮੀ ਪ੍ਰਗਟ ਹੋਇਆ। ਇਸ ਦਾ ਮਾਸ ਲੱਗਪਗ ਨਾਸ਼ ਹੋ ਚੁੱਕਾ ਸੀ। ਚਿੱਕੜ ਨਾਲ ਲਿਬੜੇ ਹੋਏ ਕਪੜੇ ਅੱਗ ਨਾਲ ਜਲ ਰਹੇ ਸਨ। ਇਸ ਦੀਆਂ ਅੱਖਾਂ ਦੇ ਵਾਲ ਅੱਗ ਨਾਲ ਸੜ ਰਹੇ ਸਨ। ਭਾਵੇਂ ਇਹ ਦੀਆਂ ਅੱਖਾਂ ਨਹੀਂ ਸਨ ਫਿਰ ਵੀ ਮੈਨੂੰ ਵੇਖ ਸਕਦਾ ਸੀ। **ਮੈਂ ਤੁਹਾਨੂੰ ਦਸ ਦੇਣਾ ਚਾਹੁੰਦੀ ਹਾਂ, ਇਹ ਆਦਮੀ ਦੀ ਜਾਨ ਹੈ, ਜਿਹੜੀ ਸੋਚਦੀ ਤੇ ਤਰਕ-ਬੇ-ਤਰਕ ਕਰਦੀ ਹੈ ਅਸਲ ਵਿੱਚ ਇਹ ਵੇਖਦੀ ਹੈ ਨਾ ਕਿ ਕੁਦਰਤੀ ਸਰੀਰ।**

ਉਸ ਆਦਮੀ ਨੇ ਆਪਣਾ ਅੱਗ ਵਾਲਾ ਹੱਥ ਪ੍ਰਭੂ ਜੀ ਵੱਲ ਵਧਾ ਕੇ ਕਿਹਾ, ਪ੍ਰਭੂ ਮੇਰੇ ਤੇ ਦਯਾ ਕਰ ਮੈਂ ਦਰਦ ਵਿੱਚ ਹਾਂ। ਮੈਂ ਜਲ ਰਿਹਾ ਹਾਂ। ਕ੍ਰਿਪਾ ਕਰਕੇ ਮੇਰੇ ਤੇ ਦਯਾ ਕਰ – ਮੈਨੂੰ ਇਸ ਜਗ੍ਹਾ ਤੋਂ ਬਾਹਰ ਕੱਢ। ਪ੍ਰਭੂ ਨੇ ਉਸ ਵੱਲ ਦਯਾ ਭਰੀ ਦ੍ਰਿਸ਼ਟੀ ਨਾਲ ਵੇਖਿਆ। ਗਰਮੀ ਮੇਰੇ ਹੱਥ ਵਿੱਚ ਵੀ ਮਹਿਸੂਸ ਹੋਈ। ਵੇਖਿਆ ਤਾਂ ਇਹ ਪ੍ਰਭੂ ਯਿਸੂ ਮਸੀਹ ਦਾ ਲਹੂ ਸੀ। ਪ੍ਰਭੂ ਯਿਸੂ ਮਸੀਹ ਦਾ ਲਹੂ ਉਸਦੇ ਹੱਥਾਂ ਵਿੱਚੋਂ ਬਾਹਰ ਨਿਕਲ ਆਇਆ, ਜਦੋਂ ਪ੍ਰਭੂ ਜੀ ਇਸ ਆਦਮੀ ਨੂੰ ਅੱਗ ਦੀਆਂ ਲਪਟਾਂ ਵਿੱਚ ਤਸੀਹੇ ਸਹਿੰਦੇ ਹੋਏ ਵੇਖ ਰਿਹਾ ਸੀ।

ਤਦ ਇਹ ਆਦਮੀ ਮੁੜ ਕੇ ਮੇਜ਼ ਉਪਰ ਪਈਆਂ ਬੋਤਲਾਂ ਵੱਲ ਜਾਣ ਲੱਗਾ। ਉਸ ਨੇ ਇੱਕ ਬੋਤਲ ਚੁੱਕੀ। ਜਿਉਂ ਹੀ ਉਹ ਉਸ ਵਿਚੋਂ ਪੀਣ ਲੱਗਾ ਤਾਂ, ਅੱਗ ਅਤੇ ਧੂੰਆਂ ਇਸ ਬੋਤਲ ਵਿੱਚੋਂ ਬਾਹਰ ਨਿਕਲਿਆ। ਇੱਕ ਦਮ ਉਸ ਨੇ ਆਪਣਾ ਸਿਰ ਪਿਛਾਹਾਂ ਕੀਤਾ। ਉਸ ਦਾ ਚੀਕਣਾ ਇਸ ਤਰ੍ਹਾਂ ਦਾ ਸੀ ਜੋ ਮੈਂ ਪਹਿਲਾਂ ਕਦੇ ਨਾ ਸੁਣਿਆ ਸੀ। ਉਸ ਨੇ ਦਰਦ ਭਰੀ ਚੀਕ ਨਾਲ ਇਸ ਨੂੰ ਪੀਣਾ ਸ਼ੁਰੂ ਕਰ ਦਿੱਤਾ ਪਰ ਉਹ ਬੋਤਲ ਪੂਰੀ ਤੇਜ਼ਾਬ ਨਾਲ ਭਰੀ ਹੋਈ ਸੀ। ਇਸ ਨਾਲ ਉਸਦਾ ਗਲਾ ਲੱਗਪਗ ਸੜ ਗਿਆ। ਤੇਜ਼ਾਬ ਨੇ ਪੇਟ ਵਿੱਚ ਜਾ ਕੇ ਨੁਕਸਾਨ ਪਹੁੰਚਾਇਆ।

**ਇਸ ਆਦਮੀ ਦੇ ਮੱਥੇ ਉਪਰ 666 ਨੰਬਰ ਉਕਰਿਆ ਹੋਇਆ ਸੀ ਅਤੇ ਛਾਤੀ ਉਪਰ ਇੱਕ ਧਾਤੂ ਦੀ ਬਣੀ ਹੋਈ ਪਲੇਟ ਸੀ** ਜਿਹੜੀ ਅੱਗ ਨਾਲ ਨਾਸ਼ ਨਹੀਂ ਹੋ ਰਹੀ ਸੀ ਨਾ ਹੀ ਕੀੜਿਆਂ ਨਾਲ। ਇਸ ਉੱਪਰ ਕੁਝ ਲਿਖਿਆ ਹੋਇਆ ਸੀ ਜਿਸ ਨੂੰ ਅਸੀਂ ਸਮਝ ਨਹੀਂ ਸਕੇ। ਪ੍ਰਭੂ ਨੇ ਆਪਣੀ ਵੱਡੀ ਦਯਾ ਨਾਲ ਇਸ ਦਾ ਅਨੁਵਾਦ ਸਮਝਣ ਦੀ ਬੁੱਧ ਦਿੱਤੀ। ਜੋ ਇਸ ਤਰ੍ਹਾਂ ਸੀ – **ਮੈਂ ਇਥੇ ਇਸ ਕਰਕੇ ਹਾਂ ਕਿਉਂਕਿ ਮੈਂ ਸ਼ਰਾਬੀ ਸੀ। ਉਸ ਨੇ ਪ੍ਰਭੂ ਕੋਲੋਂ ਦਯਾ ਵਾਸਤੇ ਮਾਫੀ ਮੰਗੀ।**

**1 ਕੁਰੰਥੀਆਂ 6 : 10**

**"ਨਾ ਚੋਰ, ਨਾ ਲੋਭੀ, ਨਾ ਸ਼ਰਾਬੀ, ਨਾ ਗਾਲਾਂ ਕੱਢਣ ਵਾਲੇ, ਨਾ ਲੁਟੇਰੇ ਪਰਮੇਸ਼ਵਰ ਦੇ ਰਾਜ ਦੇ ਅਧਿਕਾਰੀ ਹੋਣਗੇ।"**

ਪ੍ਰਭੂ ਨੇ ਇਸ ਆਦਮੀ ਦਾ ਧਰਤੀ ਤੇ ਆਖਰੀ ਪੱਲ ਟੈਲੀਵਿਜ਼ਨ ਸਕਰੀਨ ਤੇ ਇੱਕ ਫਿਲਮ ਦੀ ਤਰ੍ਹਾਂ ਵਿਖਾਇਆ। ਪ੍ਰਭੂ ਨੇ ਇਸ ਆਦਮੀ ਦੀ ਮੌਤ ਦੇ ਆਖਰੀ ਪਲ ਵਿਖਾਏ। ਇਸ ਆਦਮੀ ਦਾ ਨਾਂ ਲੂਇਸ ਸੀ। ਇਹ ਇੱਕ ਠੇਕੇ ਤੇ ਸ਼ਰਾਬ ਪੀ ਰਿਹਾ ਸੀ। ਨਰਕ ਵਿੱਚ ਬੀਅਰ ਦੀਆਂ ਬੋਤਲਾਂ ਜਿਹੜੀਆਂ ਟੇਬਲ ਤੇ ਪਈਆਂ ਸਨ ਉਸ ਫਿਲਮ ਵਿੱਚ ਵਿਖਾਈਆਂ ਗਈਆਂ। ਇਸ ਮੇਜ਼ ਦੁਆਲੇ ਇਸ ਦੇ ਦੋਸਤ ਵੀ ਸਨ। (**ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਇਕੋ ਹੀ ਦੋਸਤ ਹੈ ਜਿਹੜਾ ਸੱਚਾ ਹੈ ਵਫਾਦਾਰ ਹੈ ਜਿਸ ਦਾ ਨਾਂ ਯਿਸੂ ਹੈ**) **ਲੂਇਸ ਸ਼ਰਾਬ ਪੀ ਰਿਹਾ ਸੀ।** ਉਸ ਦੇ ਦੋਸਤ ਪਹਿਲਾਂ ਹੀ ਸ਼ਰਾਬੀ ਹੋ ਚੁੱਕੇ ਸਨ। ਉਸ ਦੇ ਪੱਕੇ ਦੋਸਤ ਨੇ ਇੱਕ ਬੋਤਲ ਨੂੰ ਤੋੜਿਆ। ਟੁੱਟੀ ਹੋਈ ਬੋਤਲ ਨਾਲ ਲੂਇਸ ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਜਦੋਂ ਉਸ ਨੇ ਵੇਖਿਆ ਕਿ ਲੂਇਸ ਫਰਸ਼ ਤੇ ਡਿੱਗ ਪਿਆ ਤਾਂ ਉਹ ਦੌੜ ਗਿਆ। ਲੂਇਸ ਦੀ ਮੌਤ ਜ਼ਿਆਦਾ ਖੂਨ ਵੱਗਣ ਕਰਕੇ ਹੋ ਗਈ ਦੁੱਖ ਦੀ ਗੱਲ ਇਹ ਹੈ ਕਿ ਲੂਇਸ ਯਿਸੂ ਤੋਂ ਬਿਨਾ ਮਰ ਗਿਆ।

ਇਸ ਦੌਰਾਨ ਨਰਕ ਵਿੱਚ ਬਹੁਤ ਸਾਰੀਆਂ ਜਾਨਾਂ ਚਿੱਲਾ ਰਹੀਆਂ ਸਨ। ਮੈਂ ਪ੍ਰਭੂ ਨੂੰ ਪੁਛਿਆ, ਪ੍ਰਭੂ ਜੀ ਮੈਨੂੰ ਇਹ ਦੱਸੋ, ਇਹ ਮਨੁੱਖ ਤੁਹਾਡੇ ਬਾਰੇ ਅਤੇ ਤੁਹਾਡੀ ਨਜਾਤ ਬਾਰੇ ਜਾਣਦਾ ਸੀ? ਪ੍ਰਭੂ ਨੇ ਉਦਾਸੀ ਨਾਲ ਉੱਤਰ ਦਿੱਤਾ, **"ਹਾਂ ਲੂਪ ਇਹ ਮੇਰੇ ਬਾਰੇ ਜਾਣਦਾ ਸੀ। ਇਸ ਨੇ ਮੈਨੂੰ ਆਪਣਾ ਨਿੱਜੀ ਉਧਾਰ ਕਰਤਾ ਗ੍ਰਹਿਣ ਕੀਤਾ ਸੀ ਪਰ ਮੇਰੀ ਸੇਵਾ ਨਾ ਕੀਤੀ।"** ਤਦ ਮੈਂ ਹੋਰ ਵੀ ਡਰ ਗਈ। ਲੂਇਸ ਨੇ ਹੋਰ ਵੀ ਉੱਚੀ ਅਵਾਜ਼ ਨਾਲ ਚੀਕਣਾ ਸ਼ੁਰੂ ਕਰ ਦਿੱਤਾ– ਮੈਂ ਬਹੁਤ ਦੁੱਖ ਵਿੱਚ ਹਾਂ। ਪ੍ਰਭੂ ਮੇਰੇ ਤੇ ਦਯਾ ਕਰ! ਉਸ ਨੇ ਪ੍ਰਭੂ ਵੱਲ ਦਯਾ ਵਾਸਤੇ ਦੁਬਾਰਾ ਹੱਥ ਵਧਾਇਆ ਪਰ ਪ੍ਰਭੂ ਨੇ ਉਸਦਾ ਹੱਥ ਫੜਨ ਦੀ ਬਜਾਏ ਮੇਰਾ ਹੱਥ ਫੜ ਲਿਆ। ਅਸੀਂ ਅੱਗ ਦੀਆਂ ਲਪਟਾਂ ਤੋਂ ਬਾਹਰ ਚਲੇ ਗਏ। ਅੱਗ ਦੀਆਂ ਲਪਟਾਂ ਨੇ ਲੂਇਸ ਨੂੰ ਬੁਰੀ ਤਰ੍ਹਾਂ ਭਸਮ ਕਰਨਾ ਸ਼ੁਰੂ ਕਰ ਦਿੱਤਾ। ਲੂਇਸ ਹੋਰ ਉੱਚੀ

ਅਵਾਜ਼ ਨਾਲ ਚੀਕਦਾ ਹੋਇਆ ਮੰਗ ਕਰਨ ਲੱਗਾ– ਪ੍ਰਭੂ ਮੇਰੇ ਤੇ ਦਯਾ ਕਰ। ਪ੍ਰਭੂ ਮੇਰੇ ਉੱਪਰ ਦਯਾ ਕਰ। ਫੇਰ ਉਹ ਅੱਗ ਦੀਆਂ ਲਪਟਾਂ ਵਿੱਚ ਗੁੰਮ ਹੋ ਗਿਆ।

ਅਸੀਂ ਇੱਕ ਡਰਾਉਣੀ ਜਗ੍ਹਾ ਵੱਲ ਵੱਧਦੇ ਗਏ ਤਾਂ ਇੱਕ ਹੋਰ ਅੱਗ ਦੀ ਲੱਪਟ ਵਿੱਚ ਪਹੁੰਚੇ ਤਾਂ ਮੈਂ ਪ੍ਰਭੂ ਨੂੰ ਕਿਹਾ, ਪ੍ਰਭੂ ਜੀ ਮੈਂ ਅੱਗੇ ਹੋਰ ਵੇਖਣਾ ਨਹੀਂ ਚਾਹੁੰਦੀ। ਮੇਹਰਬਾਨੀ ਕਰਕੇ ਮੈਨੂੰ ਮਾਫ ਕਰ ਦੇਵੋ। ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਪਰ ਇਸ ਨਾਲ ਕੋਈ ਫਰਕ ਨਾ ਪਿਆ। ਇਸ ਜਗ੍ਹਾ ਤੇ ਅੱਖਾਂ ਖੁਲੀਆਂ ਰੱਖਣ ਜਾਂ ਬੰਦ ਕਰਨ ਤੇ ਕੋਈ ਫਰਕ ਨਹੀਂ ਪੈਂਦਾ ਪਰ ਮੈਨੂੰ ਬੰਦ ਅੱਖਾਂ ਤੇ ਵੀ ਵਿਖਾਈ ਦੇ ਰਿਹਾ ਸੀ। ਇਸ ਅੱਗ ਦੀ ਲਪਟ ਨੇ ਹੇਠਾਂ ਜਾਣਾ ਸ਼ੁਰੂ ਕਰ ਦਿੱਤਾ। ਉਸ ਵਿੱਚ ਮੈਂ ਇੱਕ ਔਰਤ ਨੂੰ ਵੇਖਿਆ। ਉਹ ਪੂਰੀ ਤਰ੍ਹਾਂ ਕੀੜਿਆਂ ਨਾਲ ਭਰੀ ਹੋਈ, ਚਿਕੜ ਨਾਲ ਲਿਬੜੀ ਹੋਈ ਸੀ। ਇਸ ਦੇ ਸਿਰ ਦੇ ਵਾਲ ਬਹੁਤ ਘੱਟ ਰਹਿ ਗਏ ਸਨ। ਇਹ ਔਰਤ ਕੀੜਿਆਂ ਵਾਲੇ ਚਿੱਕੜ ਨਾਲ ਭਰੀ ਹੋਈ ਸੀ ਅਤੇ ਕੀੜੇ ਇਸ ਨੂੰ ਖਾ ਰਹੇ ਸਨ। ਇਸ ਨੇ ਚੀਕ ਕੇ ਕਿਹਾ– ਪ੍ਰਭੂ ਮੇਰੇ ਤੇ ਦਯਾ ਕਰ ਅਤੇ ਮੈਨੂੰ ਮਾਫ ਕਰ ਅਤੇ ਮੇਰੇ ਵੱਲ ਵੇਖ, ਮੈਂ ਦੁਖ ਝੱਲ ਰਹੀ ਹਾਂ। ਇਹਨਾਂ ਕੀੜਿਆਂ ਨੂੰ ਮੇਰੇ ਤੋਂ ਦੂਰ ਕਰ ਦਿਓ। ਮੈਨੂੰ ਤਸੀਹੇ ਵਾਲੀ ਜਗ੍ਹਾ 'ਚੋਂ ਬਾਹਰ ਕੱਢ ਲਵੋ। ਪ੍ਰਭੂ ਜੀ ਨੇ ਉਸ ਔਰਤ ਵੱਲ ਬੜੇ ਦੁੱਖ ਨਾਲ ਵੇਖਿਆ। ਮੈਂ ਪ੍ਰਭੂ ਦਾ ਹੱਥ ਫੜੇ ਹੋਏ ਇਹਨਾਂ ਜਾਨਾਂ ਬਾਰੇ ਦੁੱਖ ਅਤੇ ਦਰਦ, ਜੋ ਪ੍ਰਭੂ ਦੇ ਦਿਲ ਵਿੱਚ ਸੀ ਮਹਿਸੂਸ ਕੀਤਾ।

ਇਸ ਔਰਤ ਦੀਆਂ ਨਾ ਅੱਖਾਂ ਨਾ ਬੁਲ੍ਹ ਸਨ, ਪਰ ਫਿਰ ਵੀ ਸਾਨੂੰ ਵੇਖ ਰਹੀ ਸੀ। ਮਹਿਸੂਸ ਕਰ ਰਹੀ ਸੀ। ਇਸ ਦਾ ਦਰਦ ਹੋਰ ਵੀ ਵੱਧ ਗਿਆ। ਇਸ ਔਰਤ ਦੇ ਹੱਥ ਵਿੱਚ ਇੱਕ ਬੋਤਲ ਸੀ ਜਿਸ ਨੂੰ ਇਹ ਅਤਰ ਸਮਝ ਰਹੀ ਸੀ ਪਰ ਇਹ ਬੋਤਲ ਤੇਜ਼ਾਬ ਨਾਲ ਭਰੀ ਹੋਈ ਸੀ। ਇਸ ਔਰਤ ਨੇ ਜਿੰਨੀ ਵਾਰ ਇਸ ਨੂੰ ਆਪਣੇ ਸਰੀਰ ਉਪਰ ਛਿੜਕਿਆ ਤਾਂ ਇਸ ਨਾਲ ਸਰੀਰ ਜਲ੍ਹ ਉਠਿਆ ਪਰ ਇਹ ਇਸਨੂੰ ਵਾਰ ਵਾਰ ਛਿੜਕਦੀ ਹੋਈ ਕਹਿ ਰਹੀ ਸੀ– ਇਹ ਮੇਰਾ ਮਹਿੰਗਾ ਅਤਰ ਹੈ। ਉਹ ਇਹ ਵੀ ਵਿਸ਼ਵਾਸ ਕਰ ਰਹੀ ਸੀ ਕਿ ਉਸਨੇ ਇੱਕ ਸੁੰਦਰ ਗਲੇ ਵਿਚ ਹਾਰ ਪਾਇਆ ਹੋਇਆ ਹੈ ਪਰ ਅਸਲ ਵਿੱਚ ਮੈਂ ਉਹ ਦੇ ਗਲੇ ਦੁਆਲੇ ਸੱਪਾਂ ਨੂੰ ਲਿਪਟੇ ਹੋਏ ਵੇਖਿਆ। ਉਹ ਫਿਰ ਵੀ ਯਕੀਨ ਕਰ ਰਹੀ ਸੀ ਕਿ ਉਸ ਨੇ ਮਹਿੰਗੇ ਕੰਗਣ ਪਾਏ ਹੋਏ ਹਨ ਪਰ ਅਸਲ ਵਿੱਚ ਮੈਂ ਉਹ ਦੇ ਗੁਟ ਦੁਆਲੇ ਕੀੜਿਆਂ ਨੂੰ ਲਿਪਟੇ ਹੋਏ ਵੇਖਿਆ ਜਿਹੜੇ ਉਸ ਦੇ ਗੁੱਟ ਦੀ ਹੱਡੀ ਨੂੰ ਭਿਆਨਕ ਤਰੀਕੇ ਨਾਲ ਖਰੋਚ ਰਹੇ ਸਨ। ਉਸ ਨੇ ਕਿਹਾ– ਮੈਂ ਆਪਣੇ ਗਹਿਣਿਆਂ ਤੋਂ ਸੰਤੁਸ਼ਟ ਹਾਂ ਪਰ ਅਸਲ ਵਿੱਚ ਮੈਂ ਕੀੜਿਆਂ ਅਤੇ ਬਿਛੂਆਂ ਨੂੰ ਉਸ ਦੇ ਸਰੀਰ ਦੇ ਆਲੇ ਦੁਆਲੇ ਵੇਖਿਆ। **ਉਸ ਦੀ ਛਾਤੀ ਤੇ ਇੱਕ ਧਾਤੂ ਦੀ ਪਲੇਟ ਲੱਗੀ ਹੋਈ ਸੀ ਜਿਹੜੀ ਨਰਕ ਵਿੱਚ ਹਰੇਕ ਜਾਨ ਤੇ ਲੱਗੀ ਹੁੰਦੀ ਹੈ, ਇਸ ਉੱਪਰ ਇਹ ਲਿਖਿਆ ਹੋਇਆ ਸੀ, "ਮੈਂ ਇਥੇ ਲੁੱਟ ਘਸੁੱਟ ਕਰਕੇ ਹਾਂ।"**

ਇਸ ਔਰਤ ਨੂੰ ਆਪਣੇ ਪਾਪਾਂ ਤੇ ਕੋਈ ਪਛਤਾਵਾ ਨਹੀਂ ਸੀ। **ਪ੍ਰਭੂ ਨੇ ਇਸ ਔਰਤ ਨੂੰ ਪੁਛਿਆ, ਮਗਦੀਲੀਨਾ ਤੂੰ ਇਸ ਜਗ੍ਹਾ ਤੇ ਕਿਉਂ ਹੈਂ?** ਉਸ ਨੇ ਉਸ ਨੂੰ ਉੱਤਰ ਦਿੱਤਾ– ਮੈਨੂੰ ਚੋਰੀ ਕਰਨ ਨਾਲ ਕੋਈ ਫਰਕ ਨਹੀਂ ਪੈਂਦਾ। ਮੈਂ ਇਕ ਹੀ ਚੀਜ਼ ਦੀ ਪ੍ਰਵਾਹ ਕਰਦੀ ਹਾਂ, ਜਿਹੜਾ ਮਹਿੰਗਾ ਅੱਤਰ ਤੇ ਗਹਿਣੇ ਹਨ। ਇਸ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ ਕਿ ਮੈਂ ਕਿਸ ਨੂੰ ਠੱਗਾਂ। ਮੈਂ ਚਾਹੁੰਦੀ ਹਾਂ ਕਿ ਮੈਂ ਸੋਹਣੀ ਲੱਗਾਂ।

ਮੈਂ ਪ੍ਰਭੂ ਦਾ ਹੱਥ ਫੜੇ ਹੋਏ ਵੇਖਿਆ। ਉਸ ਔਰਤ ਦੇ ਸਰੀਰ ਤੇ ਬਹੁਤ ਸਾਰੇ ਕੀੜੇ ਆ ਗਏ। ਮਗਦੀਲੀਨਾ ਮੁੜ ਕੇ ਕਿਸੇ ਹੋਰ ਚੀਜ਼ ਵੱਲ ਵੇਖਣ ਲੱਗ ਪਈ ਮੈਂ ਪ੍ਰਭੂ ਨੂੰ ਫਿਰ ਪੁਛਿਆ– ਪ੍ਰਭੂ ਇਹ ਔਰਤ ਤੇਰੇ ਬਾਰੇ ਜਾਣਦੀ ਸੀ। ਪ੍ਰਭੂ ਨੇ ਉੱਤਰ ਦਿੱਤਾ ਜਾਣਦੀ ਸੀ।

**ਮਗਦੀਲੀਨਾ ਮੁੜ ਕੇ ਪ੍ਰਭੂ ਨੂੰ ਕਹਿਣ ਲੱਗੀ, "ਪ੍ਰਭੂ ਉਹ ਔਰਤ ਕਿਥੇ ਹੈ? ਜਿਸ ਨੇ ਮੈਨੂੰ ਤੇਰੇ ਬਾਰੇ ਦੱਸਿਆ ਸੀ।** ਮੈਂ ਪੰਦਰਾਂ ਸਾਲਾਂ (15) ਤੋਂ ਨਰਕ ਵਿੱਚ ਹਾਂ **ਪਰ ਉਸ ਔਰਤ ਨੂੰ ਨਹੀਂ ਵੇਖਿਆ।" ਸਾਰੇ ਲੋਕ ਜਿਹੜੇ ਇਸ ਨਰਕ ਵਿੱਚ ਹਨ, ਉਹਨਾਂ ਨੂੰ ਪਿਛਲੀਆਂ ਗੱਲਾਂ ਯਾਦ ਹਨ। ਮਗਦੀਲੀਨੀ ਨੇ ਪੁੱਛਣਾ ਜਾਰੀ ਰੱਖਿਆ, "ਉਹ ਔਰਤ ਕਿਥੇ ਹੈ, ਮੈਂ ਉਸ ਨੂੰ ਵੇਖਿਆ ਨਹੀਂ।"** ਮੈਂ ਉਸ ਔਰਤ ਦੇ ਸਰੀਰ ਨੂੰ ਵੇਖਿਆ ਜਿਹੜਾ ਮੁੜ ਨਹੀਂ ਸਕਦਾ ਸੀ ਕਿਉਂਕਿ ਉਸ ਦਾ ਮਾਸ ਇੱਕ ਜਗ੍ਹਾ ਤੇ ਇੱਕਠਾ ਹੋ ਗਿਆ ਸੀ। ਉਸ ਨੇ ਦੁਬਾਰਾ ਲੱਭਣ ਦੀ ਕੋਸ਼ਿਸ਼ ਕੀਤੀ, ਅੱਗ ਦੀਆਂ ਦੂਸਰੀਆਂ ਲਪਟਾਂ ਵਿਚੋਂ ਉਸ ਔਰਤ ਨੂੰ ਲੱਭਣ ਲਈ, ਜਿਸ ਨੇ ਉਸ ਨੂੰ ਖ਼ੁਦਾ ਬਾਰੇ ਦੱਸਿਆ ਸੀ। ਪਰ ਪ੍ਰਭੂ ਜੀ ਨੇ ਉਸਨੂੰ ਉੱਤਰ ਦਿੱਤਾ, **"ਨਹੀਂ ਨਹੀਂ ਮਗਦੀਲੀਨਾ ਉਹ ਇਥੇ ਨਹੀਂ ਹੈ, ਉਹ ਔਰਤ ਜਿਸ ਨੇ ਤੈਨੂੰ ਮੇਰੇ ਬਾਰੇ ਦੱਸਿਆ ਸੀ, ਉਹ ਮੇਰੇ ਨਾਲ ਸੁਰਗ ਦੇ ਰਾਜ ਵਿੱਚ ਹੈ।"**

ਇਹ ਗੱਲ ਸੁਣਦੇ ਸਾਰ ਮਗਦੀਲੀਨਾ ਨੇ ਆਪਣੇ ਆਪ ਨੂੰ ਅੱਗ ਦੀਆਂ ਲਪਟਾਂ ਵਿੱਚ ਸੁੱਟ ਲਿਆ ਅਤੇ ਹੋਰ ਵੀ ਬੁਰੇ ਤਰੀਕੇ ਨਾਲ ਜਲਣ ਲੱਗੀ। **ਉਸ ਉਪਰ ਲੱਗੀ ਧਾਤੂ ਪਲੇਟ ਉਸ ਨੂੰ ਚੋਰ ਸਾਬਿਤ ਕਰ ਰਹੀ ਸੀ।**

**ਯਸਾਯਾਹ** 3: 24

**"ਅਤੇ ਐਉਂ ਹੋਵੇਗਾ ਕਿ ਸੁਗੰਧ ਦੇ ਥਾਂ ਸੜ੍ਹਿਆਂਧ ਹੋਵੇਗੀ, ਪਟਕੇ ਦੇ ਥਾਂ ਰੱਸੀ, ਮੀਢੀਆਂ ਦੇ ਥਾਂ ਗੰਜ, ਚੋਲੀ ਦੇ ਥਾਂ ਟਾਟ ਦੀ ਪੇਟੀ, ਸੁਹੱਪਣ ਦੇ ਥਾਂ ਦਾਗ।"**

ਜਿਉਂ ਹੀ ਅਸੀਂ ਪ੍ਰਭੂ ਨਾਲ ਅੱਗੇ ਵੱਧਣਾ ਜਾਰੀ ਰੱਖਿਆ ਤਾਂ ਮੈਂ ਇੱਕ ਥੰਮ ਨੂੰ ਬਹੁਤ ਕੀੜਿਆਂ ਨਾਲ ਭਰਿਆ ਹੋਇਆ ਵੇਖਿਆ। ਇਸ ਦੁਆਲੇ ਇੱਕ ਲਾਲ ਗਰਮ ਧਾਤੂ ਦੀ ਚਾਦਰ ਸੀ ਅਤੇ ਇਸ ਥੰਮ ਤੇ ਇਸ਼ਤਿਹਾਰ ਵਰਗੇ ਚਮਕਦੇ ਹੋਏ ਚਿੰਨ੍ਹ ਸਨ ਜਿਹੜੇ ਦੂਰੋਂ ਹੀ

ਪੜ੍ਹੇ ਜਾ ਸਕਦੇ ਸਨ। ਇਹਨਾਂ ਇਸ਼ਤਿਹਾਰਾਂ ਉੱਪਰ ਇਸ ਤਰ੍ਹਾਂ, ਲਿਖਿਆ ਹੋਇਆ ਸੀ, "**ਝੂਠਿਆਂ ਅਤੇ ਗੱਪਾਂ ਮਾਰਨ ਵਾਲਿਆਂ ਦਾ ਸਵਾਗਤ ਹੈ।** " ਸਲਾਇਡ (ਲੋਹੇ ਦੀ ਚਾਦਰ) ਦੇ ਸਿਰੇ ਉਪਰ ਇੱਕ ਉਬਲਦੇ ਹੋਏ ਖਾਰੇ ਪਾਣੀ ਦੀ ਛੋਟੀ ਜਿਹੀ ਝੀਲ ਸੀ। ਇਹ ਇਸ ਤਰ੍ਹਾਂ ਲਗਦੀ ਸੀ ਜਿਵੇਂ ਗੰਧਕ ਨਾਲ ਬੱਲ ਰਹੀ ਹੋਵੇ। ਮੈਂ ਨੰਗੇ ਆਦਮੀਆਂ ਨੂੰ ਇਸ ਚਾਦਰ ਵਿਚੋਂ ਬਾਹਰ ਨਿੱਕਲਦੇ ਵੇਖਿਆ। ਜਿਉਂ ਹੀ ਉਹ ਤਿਲਕੇ ਉਹਨਾਂ ਦੀ ਚਮੜੀ ਲੱਥ ਕੇ ਚਾਦਰ ਨਾਲ ਚਿੰਬੜ ਗਈ। ਜਦੋਂ ਉਹ ਉਬਲਦੇ ਹੋਏ ਖਾਰੇ ਪਾਣੀ ਵਾਲੀ ਝੀਲ ਵਿੱਚ ਡਿੱਗੇ, ਉਹਨਾਂ ਦੀ ਜੀਭ ਇਥੋਂ ਤੱਕ ਫੈਲੀ ਕਿ ਉਸ ਵਿੱਚ ਧਮਾਕਾ ਹੋਇਆ ਤਾਂ ਉਸ ਜੀਭ ਦੀ ਜਗ੍ਹਾ, ਤੇ ਕੀੜੇ ਪ੍ਰਗਟ ਹੋ ਗਏ। ਇਹਨਾਂ ਕੀੜਿਆਂ ਨੇ ਉਹਨਾਂ ਨੂੰ ਦੁੱਖ ਦੇਣਾ ਸ਼ੁਰੂ ਕਰ ਦਿੱਤਾ।

**ਜ਼ਬੂਰ 73:18,19**

**"ਸੱਚ ਮੁੱਚ ਤੂੰ ਉਹਨਾਂ ਨੂੰ ਤਿਲਕਣਿਆਂ ਥਾਂਵਾਂ ਵਿੱਚ ਰੱਖਦਾ ਹੈਂ, ਅਤੇ ਤੂੰ ਉਹਨਾਂ ਨੂੰ ਬਰਬਾਦੀ ਵਿੱਚ ਸੁੱਟ ਦਿੰਦਾ ਹੈ !"**

* ਇਹ ਸਭ ਕੁੱਝ ਵੇਖਣ ਤੋਂ ਬਾਅਦ ਸਾਨੂੰ ਨਰਕ ਵਿੱਚੋਂ ਬਾਹਰ ਕੱਢ ਲਿਆ ਗਿਆ। ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਸਵਰਗ ਅਤੇ ਨਰਕ ਸਾਡੇ ਇਸ ਕੁਦਰਤੀ ਸੰਸਾਰ ਨਾਲੋਂ ਵੀ ਜ਼ਿਆਦਾ ਹਕੀਕੀ ਹਨ। ਇਸ ਜੀਵਨ ਵਿੱਚ ਹੀ ਤੁਸੀਂ ਫੈਸਲਾ ਕਰ ਸਕਦੇ ਹੋ, ਤੁਸੀਂ ਕਿਸ ਦਿਸ਼ਾ ਵਿੱਚ ਜਾਣਾ ਹੈ। ਪ੍ਰਭੂ ਯਿਸੂ ਨਾਲ ਅਨੰਤ ਜੀਵਨ ਲਈ ਜਾਂ ਅਨੰਤ ਅੱਗ ਦੀ ਝੀਲ ਲਈ। ਪ੍ਰਭੂ ਜੀ ਸਾਨੂੰ ਇਸ ਤਰ੍ਹਾਂ ਕਹਿ ਰਹੇ ਸੀ, "ਬਿਨਾ ਪਵਿੱਤਰਤਾਈ ਦੇ ਮੈਨੂੰ ਕੋਈ ਵੇਖ ਨਹੀਂ ਸਕਦਾ।"

**ਇਬਰਾਨੀਆਂ 12:14**

**"ਸਭਨਾਂ ਨਾਲ ਮੇਲ ਰੱਖਣ ਦਾ ਪਿੱਛਾ ਕਰੋ ਅਤੇ ਪਵਿੱਤਰਤਾਈ ਦਾ ਜਿਹਦੇ ਬਿਨਾਂ ਕੋਈ ਪ੍ਰਭੂ ਨੂੰ ਨਾ ਵੇਖੇਗਾ।"**

ਇਸ ਕਰਕੇ ਮੈਂ ਵੀ ਤੁਹਾਨੂੰ ਕਹਿੰਦੀ ਹਾਂ ਕਿ ਪਵਿੱਤਰਤਾਈ ਤੋਂ ਬਿਨਾਂ ਪ੍ਰਭੂ ਜੀ ਨੂੰ ਕੋਈ ਵੇਖ ਨਹੀਂ ਸਕਦਾ।

ਧੰਨਵਾਦ!

# ਗਵਾਹੀ ਨੰ 3

# ਸੰਧਰਾ

ਆਓ ਅਸੀਂ ਪਮੇਸ਼ਵਰ ਦੇ ਵਚਨ ਵੱਲ ਚੱਲੀਏ!

**ਮਤੀ 10 :28**

**"ਅਰ ਉਹਨਾਂ ਕੋਲੋਂ ਨਾ ਡਰੋ ਜੋ ਦੇਹੀ ਨੂੰ ਮਾਰ ਸੁੱਟਦੇ ਹਨ, ਪਰ ਰੂਹ ਨੂੰ ਨਹੀਂ ਮਾਰ ਸਕਦੇ ਸਗੋਂ ਉਸੇ ਕੋਲੋਂ ਡਰੋਂ ਜਿਹੜਾ ਦੇਹੀ ਅਤੇ ਰੂਹ ਦੋਨਾਂ ਦਾ ਨਰਕ ਵਿੱਚ ਨਾਸ਼ ਕਰ ਸਕਦਾ ਹੈ।"**

ਜਿਉਂ ਹੀ ਕੋਈ ਜਾਨ ਨਰਕ ਵਿੱਚ ਪਹੁੰਚਦੀ ਹੈ ਤਾਂ ਉਹ ਆਦਮੀ ਮੌਤ ਵਾਲਾ ਸਰੀਰ ਪ੍ਰਾਪਤ ਕਰਦਾ ਹੈ। ਯਿਸੂ ਮਸੀਹ ਨੇ ਮੇਰਾ ਹੱਥ ਫੜਿਆ ਅਤੇ ਅਸੀਂ ਉਸ ਹਨ੍ਹੇਰੇ ਵਾਲੀ ਸੁਰੰਗ ਵਿੱਚ ਹੇਠਾਂ ਜਾਣਾ ਸ਼ੁਰੂ ਹੋਏ, ਅਤੇ ਧਰਤੀ ਦੇ ਵਿਚਕਾਰ ਹੇਠਾਂ ਚਲੇ ਗਏ। ਅਸੀਂ ਇੱਕ ਅਜਿਹੀ ਜਗ੍ਹਾ ਤੇ ਪਹੁੰਚ ਗਏ ਜਿੱਥੇ ਬਹੁਤ ਸਾਰੇ ਦਰਵਾਜ਼ੇ ਸਨ। ਉਹਨਾਂ ਵਿਚੋਂ ਇੱਕ ਦਰਵਾਜ਼ਾ ਖੁਲਿਆ ਤਾਂ ਅਸੀਂ ਪ੍ਰਭੂ ਜੀ ਨਾਲ ਅੰਦਰ ਵੜ ਗਏ। ਮੈਂ ਪ੍ਰਭੂ ਦਾ ਹੱਥ ਨਹੀਂ ਛੱਡਿਆ ਸੀ ਕਿਉਂਕਿ ਮੈਂ ਜਾਣਦਾ ਸੀ ਜੇ ਮੈਂ ਹੱਥ ਛੱਡ ਦਿੱਤਾ ਤਾਂ ਹਮੇਸ਼ਾਂ ਲਈ ਨਰਕ ਵਿੱਚ ਰਹਿ ਜਾਵਾਂਗਾ। ਇਥੇ ਹਜ਼ਾਰਾਂ ਲੋਕਾਂ ਦੇ ਸਿਰ ਹੁੱਕਾਂ ਨਾਲ ਟੰਗੇ ਹੋਏ ਸਨ ਅਤੇ ਉਹਨਾਂ ਦੇ ਹੱਥ ਹੱਥਕੜੀ ਨਾਲ ਬੰਨ੍ਹ ਕੇ ਮੂੰਹ ਕੰਧ ਵੱਲ ਕੀਤੇ ਹੋਏ ਸਨ। ਅਸੀਂ ਹਜ਼ਾਰਾਂ ਲੋਕਾਂ ਨੂੰ ਅੱਗ ਦੀਆਂ ਲਪਟਾਂ ਦੇ ਸਾਮ੍ਹਣੇ ਖੜ੍ਹੇ ਵੇਖ ਰਹੇ ਸੀ, ਤਾਂ ਇਹ ਲਪਟਾਂ ਘੱਟ ਗਈਆਂ। ਉਹਨਾਂ ਵਿੱਚ ਇੱਕ ਮਨੁੱਖ ਵੇਖਿਆ। ਜਦੋਂ ਬੋਲਿਆ ਤਾਂ ਪਤਾ ਲੱਗਾ ਇਹ ਆਦਮੀ ਸੀ। **ਜਿਸ ਨੇ ਪਾਦਰੀ ਵਾਲੀ ਪੋਸ਼ਾਕ ਪਹਿਨੀ ਹੋਈ ਸੀ।** ਜਿਹੜਾ ਪੂਰੀ ਤਰ੍ਹਾਂ ਲਿਬੜਿਆ ਹੋਇਆ ਸੀ। ਕੀੜੇ ਇਸ ਆਦਮੀ ਦੇ ਸਰੀਰ ਵਿਚੋਂ ਆਰ ਪਾਰ ਹੋ ਰਹੇ ਸਨ। ਇਹ ਆਦਮੀ ਅੱਗ ਵਿੱਚ ਜਲਦੇ ਹੋਏ ਵੀ ਖੁਸ਼ ਵਿਖਾਈ ਦੇ ਰਿਹਾ ਸੀ। ਉਸ ਦੀਆਂ ਅੱਖਾਂ ਕੱਢ ਲਈਆਂ ਗਈਆਂ ਸਨ ਅਤੇ ਮਾਸ ਪਿਘਲ ਕੇ ਡਿੱਗ ਰਿਹਾ ਸੀ ਜਿਵੇਂ ਹੀ ਮਾਸ ਧਰਤੀ ਤੇ ਡਿੱਗਦਾ ਸੀ ਫਿਰ ਦੁਬਾਰਾ ਸਰੀਰ ਤੇ ਲੱਗ ਜਾਂਦਾ ਸੀ। ਇਹ ਕ੍ਰਿਆ ਬਾਰ ਬਾਰ ਹੋ ਰਹੀ ਸੀ।

ਉਸ ਨੇ ਯਿਸੂ ਨੂੰ ਵੇਖ ਕੇ ਕਿਹਾ, "**ਪ੍ਰਭੂ ਮੇਰੇ ਤੇ ਦਯਾ ਕਰ। ਮੈਨੂੰ ਇਸ ਜਗ੍ਹਾ ਚੋਂ ਇੱਕ ਪਲ ਲਈ, ਇੱਕ ਮਿੰਟ ਲਈ ਬਾਹਰ ਕੱਢ ਲਵੋ।"**

**ਇਸ ਆਦਮੀ ਦੀ ਛਾਤੀ ਤੇ ਧਾਤੂ ਦੀ ਪਲੇਟ ਲੱਗੀ ਹੋਈ ਸੀ ਜਿਸ ਉਪਰ ਇਹ ਪੜ੍ਹਿਆ ਜਾ ਰਿਹਾ ਸੀ "ਮੈਂ ਇਥੇ ਡਕੈਤੀ ਕਰਕੇ ਹਾਂ।"**

ਪ੍ਰਭੂ ਜੀ ਨੇ ਨੇੜੇ ਆ ਕੇ ਇਸ ਆਦਮੀ ਕੋਲੋਂ ਪੁਛਿਆ, "ਤੇਰਾ ਨਾਂ ਕੀ ਹੈ।" ਆਦਮੀ ਨੇ ਉੱਤਰ ਦਿਤਾ ਮੇਰਾ ਨਾਂ ਅੰਦ੍ਰਿਯਾਸ ਹੈ। ਪ੍ਰਭੂ ਜੀ ਨੇ ਉਸ ਤੋਂ ਪੁਛਿਆ– ਤੂੰ ਇਥੇ ਕਿੰਨੀ ਦੇਰ ਤੋਂ ਹੈਂ? ਉਸ ਨੇ ਉੱਤਰ ਦਿੱਤਾ ਮੈਂ ਕਾਫੀ ਸਮੇਂ ਤੋਂ ਇਥੇ ਹਾਂ।

ਉਸ ਆਦਮੀ ਨੇ ਕਹਾਣੀ ਦਸਣੀ ਸ਼ੁਰੂ ਕੀਤੀ **ਕਿ ਉਸ ਦੀ ਜ਼ਿੰਮੇਵਾਰੀ ਦਸੌਂਧ ਇੱਕਠਾ ਕਰਨ ਦੀ ਤੇ ਆਪਣੀ ਸੰਸਥਾ ਕੈਥੋਲਿਕ ਚਰਚ ਵਲੋਂ ਗਰੀਬਾਂ ਨੂੰ ਸਹਾਇਤਾ ਲਈ ਵੰਡੀ ਜਾਣ ਵਾਲੀ ਰਾਸ਼ੀ ਦੀ ਸੀ। ਉਸ ਵਿੱਚੋਂ ਉਹ ਪੈਸੇ ਚੁਰਾ ਲੈਂਦਾ ਸੀ।** ਪ੍ਰਭੂ ਨੇ ਦਯਾ ਭਰੀ ਨਿਗਾਹ ਵਿੱਚ ਇਸ ਆਦਮੀ ਕੋਲੋਂ ਪੁਛਿਆ–ਅੰਦਿਯਾਸ ਤੂੰ ਕਦੇ ਪ੍ਰਭੂ ਦਾ ਵਚਨ ਸੁਣਿਆ ਸੀ। ਉਸ ਨੇ ਉੱਤਰ ਦਿੱਤਾ– ਪ੍ਰਭੂ ਇੱਕ ਮਸੀਹੀ ਔਰਤ ਸੀ ਜਿਹੜੀ ਚਰਚ ਜਾਂਦੀ ਸੀ, ਤੇ ਵਚਨ ਦਾ ਪ੍ਰਚਾਰ ਕਰਦੀ ਸੀ ਪਰ ਮੈਂ ਇਸ ਨੂੰ ਨਾ ਮੰਨਣਾ ਚਾਹਿਆ ਨਾ ਹੀ ਯਕੀਨ ਕੀਤਾ। ਪਰ ਹੁਣ ਮੈਂ ਯਕੀਨ ਕਰਦਾ ਹਾਂ ਕਿ ਇਹ ਬਿਲਕੁਲ ਸੱਚ ਹੈ। ਪ੍ਰਭੂ ਮੈਨੂੰ ਇਸ ਜਗ੍ਹਾ ਵਿੱਚੋਂ ਇੱਕ ਪਲ ਲਈ ਬਾਹਰ ਕੱਢ ਲਵੋ।

ਜਦੋਂ ਉਹ ਇਹ ਗੱਲ ਕਰ ਹੀ ਰਿਹਾ ਸੀ, ਕੀੜੇ ਉਸ ਦੀਆਂ ਅੱਖਾਂ, ਕੰਨਾਂ ਤੇ ਮੂੰਹ ਵਿੱਚੋਂ ਬਾਹਰ ਆ ਜਾ ਰਹੇ ਸਨ। ਉਹ ਉਹਨਾਂ ਨੂੰ ਆਪਣੇ ਹੱਥ ਨਾਲ ਕੱਢਣਾ ਚਾਹੁੰਦਾ ਸੀ ਪਰ ਇਹ ਹੋਣਾ ਮੁਸ਼ਕਿਲ ਸੀ। ਉਹ ਪ੍ਰਭੂ ਜੀ ਅੱਗੇ ਚਿਲਾ ਰਿਹਾ ਸੀ ਅਤੇ ਇਸ ਜਗ੍ਹਾ ਵਿਚੋਂ ਬਾਹਰ ਕੱਢਣ ਲਈ ਕਹਿ ਰਿਹਾ ਸੀ ਪਰ ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਦੁਸ਼ਟ ਆਤਮਾ ਲਗਾਤਾਰ ਉਸ ਨੂੰ ਬਰਛੇ ਨਾਲ ਵਿੰਨ੍ਹ ਰਿਹਾ ਸੀ। ਇਹ ਦੁਸ਼ਟ ਆਤਮਾਵਾਂ ਉਹਨਾਂ ਵਰਗੀਆਂ ਸਨ ਜਿਸ ਤਰ੍ਹਾਂ ਦੇ ਧਰਤੀ ਤੇ ਖਿਡੌਣੇ ਗੁੱਡੇ ਹੁੰਦੇ ਹਨ। ਇਹਨਾਂ ਨੂੰ ਵੀ ਨਰਕ ਵਿੱਚ ਵੇਖਿਆ ਪਰ ਇਥੇ ਇਹ ਨਿਰਜੀਵ ਗੁੱਡੇ ਨਹੀਂ ਪਰ ਜੀਵਤ ਸ਼ੈਤਾਨੀ ਸ਼ਕਤੀਆਂ ਸਨ।

ਉਹ ਅੰਦ੍ਰਿਆਸ ਨੂੰ ਆਪਣੀ ਸ਼ਕਤੀ ਨਾਲ ਭਾਲੇ ਮਾਰ ਰਹੀਆਂ ਸਨ ਅਤੇ ਇਸ ਨਾਲ ਹੋਰ ਵੀ ਸਨ ਜਿਨ੍ਹਾਂ ਨਾਲ ਇਸ ਵਰਗਾ ਹੀ ਵਰਤਾਓ ਹੋ ਰਿਹਾ ਸੀ। ਜਦੋਂ ਮੈਂ ਇਹ ਸੱਭ ਕੁਝ ਵੇਖਿਆ ਤਾਂ ਪ੍ਰਭੂ ਨੂੰ ਪੁੱਛਿਆ ਕਿ ਧਰਤੀ ਵਾਲੇ ਗੁੱਡੇ ਵਿੱਚ ਏਨੀ ਤਾਕਤ ਹੈ ਕਿ ਉਹ ਇਸ ਤਰ੍ਹਾਂ ਮਾਰ ਸਕਦਾ ਹੈ, ਪ੍ਰਭੂ ਨੇ ਉੱਤਰ ਦਿੱਤਾ ਇਹ ਸਾਰੀਆਂ ਉਦਾਸੀ ਦੀਆਂ ਆਤਮਾਵਾਂ ਹਨ।

ਜਿਉਂ ਹੀ ਅਸੀਂ ਅੱਗੇ ਵਧੇ ਤਾਂ ਅਸੀਂ ਹਜ਼ਾਰਾਂ ਲੋਕਾਂ ਨੂੰ ਤਸੀਹੇ ਸਹਿੰਦੇ ਵੇਖਿਆ। ਜਿਉਂ ਹੀ ਕੋਈ ਜਾਨ ਪ੍ਰਭੂ ਨੂੰ ਵੇਖਦੀ ਸੀ, ਤਾਂ ਆਪਣੇ ਅੱਗ ਵਾਲੇ ਹੱਥਾਂ ਨਾਲ ਪ੍ਰਭੂ ਜੀ ਕੋਲ ਪਹੁੰਚਣਾ ਚਾਹੁੰਦੀ ਸੀ। ਮੈਂ ਇੱਕ ਔਰਤ ਵੇਖੀ ਜਿਸ ਨੇ ਚੀਕ ਕੇ ਪ੍ਰਭੂ ਜੀ ਨੂੰ ਕਿਹਾ, "ਪ੍ਰਭੂ ਮੇਰੇ ਤੇ ਦਯਾ ਕਰੋ, ਮੈਨੂੰ ਇਸ ਜਗ੍ਹਾ ਚੋਂ ਬਾਹਰ ਕੱਢ ਲਵੋ।" ਉਹ ਬਹੁਤ ਹੀ ਦੁੱਖ ਭੋਗ ਰਹੀ ਸੀ। ਉਸ ਨੇ ਆਪਣੇ ਹੱਥ ਪ੍ਰਭੂ ਜੀ ਵੱਲ ਵਧਾਏ ਅਤੇ ਦਯਾ ਦੀ ਮੰਗ ਕਰਦੇ ਹੋਏ ਕਿਹਾ ਕਿ ਉਸ ਨੂੰ ਇੱਕ ਸੈਕਿੰਡ ਲਈ ਇਥੋਂ ਬਾਹਰ ਕੱਢ ਦੇਵੋ। ਉਹ ਪੂਰੀ ਨੰਗੀ ਸੀ ਅਤੇ ਚਿੱਕੜ ਨਾਲ ਲਿਬੜੀ ਹੋਈ ਸੀ। ਉਸਦੇ ਵਾਲ ਬਹੁਤ ਗੰਦੇ ਸਨ ਅਤੇ ਕੀੜੇ ਵਾਲਾਂ ਵਿਚੋਂ ਨਿੱਕਲ ਕੇ ਸਰੀਰ ਦੁਆਲੇ ਲਿਪਟ ਰਹੇ ਸਨ। ਉਹ ਆਪਣੇ ਹੱਥਾਂ ਨਾਲ ਇਹਨਾਂ ਨੂੰ ਲਾਹੁਣ ਦੀ ਕੋਸ਼ਿਸ਼ ਕਰ ਰਹੀ ਸੀ। ਇਹ ਕੀੜੇ ਗਿਣਤੀ ਵਿੱਚ ਵਧਦੇ ਜਾਂਦੇ ਸਨ। **ਇਹ ਕੀੜੇ ਛੇ ਇੰਚ ਤੋਂ ਅੱਠ ਇੰਚ ਤੱਕ ਲੰਬੇ ਸਨ।**

**ਮਰਕੁਸ 9:44**

**"ਟੁੰਡਾ ਹੋ ਕੇ ਜੀਉਣ ਵਿੱਚ ਵੜਨਾ ਤੇਰੇ ਲਈ ਇਸ ਨਾਲੋਂ ਭਲਾ ਹੈ ਜੋ ਦੋ ਹੱਥ ਹੁੰਦਿਆਂ ਤੂੰ ਨਰਕ ਵਿੱਚ ਉਸ ਅੱਗ ਵਿੱਚ ਜਾਵੇਂ ਜਿਹੜੀ ਬੁੱਝਣ ਵਾਲੀ ਨਹੀਂ।**

ਇਸ ਔਰਤ ਨੂੰ ਵੇਖਣ ਤੇ ਇਸ ਦੀਆਂ ਚੀਕਾਂ ਨੂੰ ਸੁਣਨਾ ਬਹੁਤ ਭਿਆਨਕ ਸੀ। ਕੀੜੇ ਇਸ ਨੂੰ ਬੁਰੀ ਤਰ੍ਹਾਂ ਖਾ ਰਹੇ ਸਨ। **ਧਾਤੂ ਦੀ ਪਲੇਟ ਇਸ ਦੀ ਛਾਤੀ ਉੱਪਰ ਲੱਗੀ ਹੋਈ ਸੀ, ਜਿਹੜੀ ਕੀੜਿਆਂ ਦੁਆਰਾ ਨਾਸ਼ ਨਹੀਂ ਹੋ ਰਹੀ ਸੀ। ਜਿਸ ਉਪਰ ਇਹ ਲਿਖਿਆ ਹੋਇਆ ਸੀ, "ਮੈਂ ਇਥੇ ਵਿਭਚਾਰ ਕਰਕੇ ਹਾਂ।"** ਇਸ ਦੇ ਅਪਰਾਧ ਅਨੁਸਾਰ ਇੱਕ ਮੋਟੇ ਤੇ ਭੈੜੇ ਸੱਪ ਦੁਆਰਾ ਇਸ ਔਰਤ ਨਾਲ ਜ਼ਬਰਦਸਤੀ ਵਿਭਚਾਰ ਕਰਵਾਇਆ ਜਾ ਰਿਹਾ ਸੀ। ਇਸ ਸੱਪ ਦੇ ਸਰੀਰ ਤੇ ਵੱਡੇ ਵੱਡੇ ਕੰਡੇ ਸਨ **ਜਿਨ੍ਹਾਂ ਦਾ ਸਾਇਜ਼ 6 ਇੰਚ ਤੋਂ 8 ਇੰਚ ਤੱਕ ਸੀ।** ਇਹ ਸੱਪ ਉਸਦੇ ਗੁਪਤ ਅੰਗ ਵਿਚੋਂ ਹੁੰਦੇ ਹੋਏ ਗਲੇ ਤੱਕ ਆਉਂਦਾ ਸੀ। ਜਦੋਂ ਸੱਪ ਉਸ ਅੰਦਰ ਪ੍ਰਵੇਸ਼ ਕਰਦਾ ਸੀ ਤਾਂ ਉਹ ਔਰਤ ਬੜੇ ਦੁੱਖ ਨਾਲ ਚੀਕਦੀ ਸੀ।

ਉਸ ਔਰਤ ਨੇ ਇਸ ਜਗ੍ਹਾ ਵਿੱਚੋਂ ਨਿਕਲਣ ਲਈ ਪ੍ਰਭੂ ਜੀ ਪਾਸੋਂ ਦਯਾ ਦੀ ਭੀਖ ਮੰਗੀ ਅਤੇ ਕਿਹਾ ਪ੍ਰਭੂ ਜੀ ਮੈਂ ਆਪਣੀ ਵਿਭਚਾਰੀ ਕਰਕੇ ਇਥੇ 7 ਸਾਲ ਤੋਂ ਹਾਂ ਜਦੋਂ ਕਿ ਮੈਂ ਏਡਜ਼ ਦੀ ਬਿਮਾਰੀ ਕਰਕੇ ਮਰ ਗਈ। ਮੇਰੇ ਛੇ ਪ੍ਰੇਮੀ ਸਨ। ਮੈਂ ਇਥੇ ਵਿਭਚਾਰ ਕਰਕੇ ਹਾਂ। ਨਰਕ ਵਿੱਚ ਉਸ ਨੂੰ ਬਾਰ ਬਾਰ ਇਹ ਗੱਲ ਦੁਹਰਾਉਂਣੀ ਪੈਂਦੀ ਸੀ। ਉਹਨਾਂ ਨੂੰ ਉਥੇ ਦਿਨ ਰਾਤ ਕੋਈ ਚੈਨ ਨਹੀਂ ਸੀ। ਹਰ

ਪਲ ਇਸ ਤਰੀਕੇ ਨਾਲ ਦੁੱਖ ਉੱਠਾ ਰਹੀ ਸੀ। ਉਸ ਨੇ ਦਯਾ ਲਈ ਪ੍ਰਭੂ ਵੱਲ ਆਪਣੇ ਹੱਥ ਫੈਲਾਏ, ਪਰ ਪ੍ਰਭੂ ਨੇ ਉਸ ਨੂੰ ਦੱਸਿਆ, **"ਹੁਣ ਬਹੁਤ ਦੇਰ ਹੋ ਚੁੱਕੀ ਹੈ। ਕੀੜੇ ਤੇਰਾ ਵਿਛਾਉਣਾ ਹਨ ਤੇ ਕੀੜੇ ਤੈਨੂੰ ਢੱਕ ਲੈਣਗੇ।"**

**ਯਸਾਯਾਹ 14:11**

**"ਤੇਰੀ ਭੜਕ ਅਤੇ ਤੇਰੀਆਂ ਬਰਬਤਾਂ ਦੀ ਅਵਾਜ਼ ਪਤਾਲ ਵਿੱਚ ਲਾਹੀ ਗਈ, ਕੀੜੇ ਤੇਰੇ ਹੇਠ ਵਿਛਾਏ ਗਏ ਅਤੇ ਕਿਰਮ ਹੀ ਤੇਰਾ ਕੱਜਣ ਹਨ।"**

ਜਦੋਂ ਪ੍ਰਭੂ ਜੀ ਨੇ ਇਹ ਸ਼ਬਦ ਕਹੇ ਤਾਂ ਇੱਕ ਅੱਗ ਦੇ ਕੰਬਲ ਨੇ ਉਸ ਔਰਤ ਨੂੰ ਢੱਕ ਲਿਆ। ਅਸੀਂ ਉਸ ਨੂੰ ਦੁਬਾਰਾ ਨਾ ਵੇਖ ਸਕੇ। ਅਸੀਂ ਅੱਗੇ ਵੱਧਦੇ ਹੋਏ ਹਜ਼ਾਰਾਂ ਲੋਕਾਂ ਨੂੰ ਵੇਖ ਰਹੇ ਸੀ- ਇਹਨਾਂ ਵਿੱਚ ਬਾਲਗ, ਜਵਾਨ, ਬੁੱਢੇ ਤਸੀਹੇ ਝੱਲ ਰਹੇ ਸਨ। ਅਸੀਂ ਇੱਕ ਜਗ੍ਹਾ ਤੇ ਪਹੁੰਚੇ ਉਥੇ ਇੱਕ ਤੈਰਨ ਵਾਲੇ ਵੱਡੇ ਤਲਾਬ ਨੂੰ ਵੇਖਿਆ। ਜਿਸ ਵਿੱਚ ਹਜ਼ਾਰਾਂ ਹੀ ਆਦਮੀ ਤੇ ਔਰਤਾਂ ਸਨ।

**ਹਰੇਕ ਦੀ ਛਾਤੀ ਤੇ ਧਾਤੂ ਦੀ ਪਲੇਟ ਲੱਗੀ ਹੋਈ ਸੀ ਜਿਸ ਉਪਰ ਇਸ ਤਰ੍ਹਾਂ ਪੜ੍ਹਿਆ ਜਾ ਰਿਹਾ ਸੀ ਮੈਂ ਇਥੇ ਭੇਟਾਂ ਅਤੇ ਦਸਵੰਧ ਨਾ ਦੇਣ ਕਰਕੇ ਹਾਂ।** ਜਦੋਂ ਮੈਂ ਇਹ ਪੜ੍ਹ ਕੇ ਪ੍ਰਭੂ ਕੋਲੋਂ ਪੁਛਿਆ ਕਿ ਇਹ ਕਿਸ ਤਰ੍ਹਾਂ ਸੰਭਵ ਹੈ ਕਿ ਇਹ ਇਸ ਕਾਰਨ ਇਸ ਹਾਲਤ ਵਿੱਚ ਹਨ ਤਾਂ ਪ੍ਰਭੂ ਨੇ ਉੱਤਰ ਦਿੱਤਾ, "ਹਾਂ, ਇਹ ਲੋਕਾਂ ਨੇ ਸੋਚਿਆ, ਦਸੌਂਦ ਅਤੇ ਭੇਟਾਂ ਦੇਣੀਆਂ ਏਨੀਆਂ ਜ਼ਰੂਰੀ ਨਹੀਂ ਹਨ ਜਦੋਂ ਕਿ ਮੇਰਾ ਵਚਨ ਇਹ ਹੁਕਮ ਦੇ ਤੌਰ ਤੇ ਦੱਸਦਾ ਹੈ।

**ਮਲਾਕੀ 3:8,9**

**"ਕੀ ਕੋਈ ਆਦਮੀ ਪਰਮੇਸ਼ਵਰ ਨੂੰ ਠੱਗੇਗਾ? ਪਰ ਤੁਸਾਂ ਮੈਨੂੰ ਠੱਗ ਲਿਆ ਅਤੇ ਤੁਸੀਂ ਆਖਦੇ ਹੋ, ਕਿਹੜੀ ਗੱਲ ਵਿੱਚ ਅਸਾਂ ਤੈਨੂੰ ਠੱਗ ਲਿਆ? ਦਸਵੰਧਾਂ ਅਤੇ ਭੇਟਾਂ ਵਿੱਚ ! ਤੁਸੀਂ ਸਰਾਪੀਆਂ ਦੇ ਸਰਾਪੀ ਹੋਏ ! ਤੁਸੀਂ ਮੈਨੂੰ ਠੱਗਦੇ ਹੋ, ਸਗੋਂ ਸਾਰੀ ਕੌਮ ਵੀ।"**

* ਪ੍ਰਭੂ ਨੇ ਮੈਨੂੰ ਦੱਸਿਆ ਕਿ ਜਦ ਉਸ ਦੇ ਲੋਕ ਦਸੌਂਦ ਦੇਣਾ ਬੰਦ ਕਰ ਦਿੰਦੇ ਹਨ ਤਾਂ ਪਰਮੇਸ਼ਵਰ ਦਾ ਕੰਮ ਰੁੱਕ ਜਾਂਦਾ ਹੈ ਤੇ ਖੁਸ਼ ਖਬਰੀ ਦਾ ਪ੍ਰਚਾਰ ਨਹੀਂ ਹੁੰਦਾ। ਲੋਕ ਇਸ ਜਗ੍ਹਾ ਤੇ ਇਸ ਕੰਮ ਕਾਰਨ ਦੂਜਿਆਂ ਨਾਲੋਂ ਹਜ਼ਾਰਾਂ ਗੁਣਾਂ ਸਜ਼ਾ ਭੁਗਤ ਰਹੇ ਸਨ ਕਿਉਂਕਿ ਉਹਨਾਂ ਨੇ ਪਰਮੇਸ਼ਵਰ ਦੇ ਵਚਨ ਨੂੰ ਜਾਣ ਕੇ ਉਸ ਦੀ ਅਣਆਗਿਆਕਾਰੀ ਕੀਤੀ। ਅਸੀਂ ਅੱਗੇ ਵਧਦੇ ਗਏ ਤਾਂ ਪ੍ਰਭੂ ਨੇ ਮੈਨੂੰ ਇੱਕ ਆਦਮੀ ਵਿਖਾਇਆ। ਮੈਂ ਉਸ ਨੂੰ ਲੱਕ ਤੋਂ ਲੈ ਕੇ ਸਿਰ ਤੱਕ ਵੇਖ ਰਹੀ ਸੀ। ਤਦ ਮੈਂ ਉਸ ਦੀ ਮੌਤ ਬਾਰੇ ਦਰਸ਼ਨ ਦੇਖਣਾ ਸ਼ੁਰੂ ਕਰ ਦਿੱਤਾ, ਉਹ ਕਿਸ ਤਰ੍ਹਾਂ ਮਰਿਆ ਹੈ। ਉਸ ਦਾ ਨਾਂ ਰੋਜੀਲੀਉ ਸੀ। ਉਹ ਆਪਣੀ ਕਾਰ ਵਿੱਚ ਸੀ। ਜਦੋਂ ਇੱਕ ਪ੍ਰਚਾਰਕ ਉਸ ਕੋਲ ਬਾਈਬਲ ਦਾ ਵਚਨ ਲੈ ਕੇ ਆਇਆ ਪਰ ਉਸ ਨੇ ਉਸ ਪ੍ਰਚਾਰਕ ਦੀ ਚੇਤਾਵਨੀ ਅਣਡਿੱਠੀ ਕਰ ਦਿੱਤੀ ਅਤੇ ਆਪਣੇ ਰਸਤੇ ਵੱਲ ਵੱਧ ਗਿਆ, ਬਿਨਾ ਇਹ ਜਾਣਦੇ ਹੋਏ ਕਿ ਉਸ ਦੀ ਕਾਰ ਹਾਦਸੇ ਦਾ ਸ਼ਿਕਾਰ ਹੋਣ ਵਾਲੀ ਹੈ। ਕਾਰ ਚਟਾਨ ਵਿੱਚ ਵੱਜਣ ਕਾਰਨ ਉਸਦੀ ਮੌਤ ਹੋ ਗਈ। ਜਿਉਂ ਹੀ ਉਸ ਦੀ ਕਾਰ ਉਸ ਚਟਾਨ ਵਿੱਚ ਵੱਜੀ ਤਾਂ ਪ੍ਰਕਾਸ਼ ਦੀ ਪੋਥੀ 21:8 ਦਾ ਵਚਨ ਉਸ ਦੀਆਂ ਅੱਖਾਂ ਅੱਗੇ ਖੁੱਲ ਗਿਆ।

**ਪ੍ਰਕਾਸ਼ ਦੀ ਪੋਥੀ 21:8**

**ਪਰ ਡਰਾਕਲਾਂ, ਬੇ ਪਰਤੀਤਿਆਂ, ਘਿਣਾਉਣਿਆਂ, ਖੂਨੀਆਂ, ਹਰਾਮਕਾਰਾਂ, ਜਾਦੂਗਰਾਂ, ਮੂਰਤੀ ਪੂਜਕਾਂ ਅਤੇ ਸਾਰਿਆਂ ਝੂਠਿਆਂ ਦਾ ਹਿੱਸਾ ਉਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ ! ਇਹ ਦੂਈ ਮੌਤ ਹੈ।**

ਜਦੋਂ ਉਸ ਨੇ ਇਹ ਵਚਨ ਪੜ੍ਹਿਆ ਤਾਂ ਸਿੱਧਾ ਨਰਕ ਵਿੱਚ ਚਲ ਗਿਆ। ਉਸ ਨੂੰ ਨਰਕ ਵਿੱਚ ਆਏ ਹੋਏ ਨੂੰ ਅਜੇ ਇੱਕ ਮਹੀਨਾ ਹੀ ਹੋਇਆ ਸੀ ਤੇ ਕੁੱਝ ਬਚਿਆ ਹੋਇਆ ਮਾਸ ਉਸ ਦੇ ਚੇਹਰੇ ਤੇ ਸੀ ਪਰ ਫਿਰ ਵੀ ਉਹ ਦੂਜਿਆਂ ਦੀ ਤਰ੍ਹਾਂ ਦੁੱਖ ਝੱਲ ਰਿਹਾ ਸੀ। ਪਹਿਲਾਂ ਤਾਂ ਉਸ ਨੂੰ ਇਹ ਪਤਾ ਨਹੀਂ ਲੱਗਿਆ ਕਿ ਉਹ ਨਰਕ ਵਿੱਚ ਕਿਉਂ ਆਇਆ ਹੈ, ਮੈਂ ਸੋਚਿਆ ਕਿ ਜਦੋਂ ਉਹ ਪ੍ਰਚਾਰਕ ਇਸ ਕੋਲ ਆਇਆ ਸੀ ਇਹ ਉਸ ਲਈ **ਆਖਰੀ ਮੌਕਾ ਸੀ, ਕਿ ਪ੍ਰਭੂ ਯਿਸੂ ਨੂੰ ਸਵੀਕਾਰ ਕਰ ਲਵੇ। ਇਸ ਤਰੀਕੇ ਅਨੁਸਾਰ ਬਹੁਤ ਸਾਰੇ ਇਨਸਾਨਾਂ ਲਈ ਇਹੀ ਮੌਕਾ ਹੈ, ਕਿ ਉਹ ਪ੍ਰਭੂ ਯਿਸੂ ਨੂੰ ਸਵੀਕਾਰ ਕਰ ਲੈਣ। ਕਿਉਂਕਿ ਪ੍ਰਭੂ ਯਿਸੂ ਹੀ ਇੱਕਲਾ ਰਾਹ, ਹੱਕ, ਸੱਚਾਈ ਹੈ।**

**ਯੂਹੰਨਾ 14:6**

**"ਯਿਸੂ ਨੇ ਉਹ ਨੂੰ ਆਖਿਆ, ਰਾਹ ਅਤੇ ਸੱਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨ੍ਹਾਂ ਪਿਤਾ ਦੇ ਕੋਲ ਨਹੀਂ ਆਉਂਦਾ।"**

* ਸਿਰਫ ਉਸ ਦੇ ਦੁਆਰਾ ਹੀ ਸੁਰਗ ਰਾਜ ਵਿੱਚ ਪਹੁੰਚਾਏ ਜਾ ਸਕਦੇ ਹਾਂ

**ਰਸੂਲਾਂ ਦੇ ਕਰੱਤਵ 4:12**

**"ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।"**

ਪ੍ਰਭੂ ਸਾਨੂੰ ਉਸਦੇ ਰਸਤਿਆਂ ਤੇ ਪਵਿੱਤਰਤਾਈ ਤੇ ਇੱਜ਼ਤ ਨਾਲ ਚੱਲਣ ਲਈ ਹਿੰਮਤ ਦੇ ਸਕਦਾ ਹੈ।

ਪ੍ਰਭੂ ਤੁਹਾਨੂੰ ਬਰਕਤ ਦੇਵੇ।

# ਗਵਾਹੀ 4

ਭਰਾਵੋ ਪ੍ਰਭੂ ਤੁਹਾਨੂੰ ਆਸ਼ਿਸ਼ ਦੇਵੇ!

ਜਦੋਂ ਪ੍ਰਭੂ ਨੇ ਮੇਰਾ ਹੱਥ ਫੜਿਆ ਤਾਂ ਮੈਂ ਆਪਣੇ ਆਪ ਨੂੰ ਇੱਕ ਚਟਾਨ ਤੇ ਖੜਾ ਮਹਿਸੂਸ ਕੀਤਾ ਅਸੀਂ ਆਪਣੇ ਪਿੱਛੇ ਇੱਕ ਦੂਤ ਵੇਖਿਆ। ਅਸੀਂ ਤੇਜ਼ ਗਤੀ ਨਾਲ ਸੁਰੰਗ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਹ ਦੂਤ ਅਲੋਪ ਹੋ ਗਿਆ ਮੈਂ ਬਹੁਤ ਡਰ ਗਿਆ। ਮੈਂ ਪ੍ਰਭੂ ਨੂੰ ਪੁਛਿਆ, "ਪ੍ਰਭੂ ਜੀ ਉਹ ਦੂਤ ਕਿੱਥੇ ਹੈ, ਉਹ ਹੁਣ ਸਾਡੇ ਨਾਲ ਕਿਉਂ ਨਹੀਂ ਹੈ।"

ਪ੍ਰਭੂ ਜੀ ਨੇ ਉੱਤਰ ਦਿੱਤਾ, **"ਉਹ ਉਥੇ ਨਹੀਂ ਜਾ ਸਕਦਾ ਜਿੱਥੇ ਅਸੀਂ ਜਾਣਾ ਹੈ।"**

ਸਾਡਾ ਹੇਠਾਂ ਦੀ ਤਰਫ ਜਾਣਾ ਜਾਰੀ ਰਿਹਾ, ਫਿਰ ਅਸੀਂ ਕਿਸੇ ਕਾਰਨ ਰੁੱਕ ਗਏ। ਮੈਂ ਬਹੁਤ ਸਾਰੀਆਂ ਸੁਰੰਗਾਂ ਵੇਖੀਆਂ। ਅਸੀਂ ਉਹਨਾਂ ਵਿਚੋਂ ਇੱਕ ਸੁਰੰਗ ਵਿੱਚ ਗਏ ਜਿਸ ਤਰ੍ਹਾਂ ਭੈਣ ਸੰਧਰਾ ਨੇ ਦੱਸਿਆ ਹੈ। ਉਸ ਸੁਰੰਗ ਵਿੱਚ ਲੋਕਾਂ ਦੇ ਸਿਰ ਹੁੱਕਾਂ ਨਾਲ ਲਟਕਾਏ ਹੋਏ ਸਨ ਅਤੇ ਹੱਥ ਜੰਜ਼ੀਰਾਂ ਨਾਲ ਜਕੜੇ ਹੋਏ ਸੀ। ਇਸ ਦੀਵਾਰ ਦੀ ਲੰਬਾਈ ਅਣਮਿਥੀ ਸੀ। ਕਰੋੜਾਂ ਲੋਕ ਇਸ ਉਪਰ ਟੰਗੇ ਹੋਏ ਸਨ। ਉਹਨਾਂ ਦੇ ਸਰੀਰਾਂ ਵਿੱਚ ਕੀੜੇ ਪਏ ਹੋਏ ਸਨ। ਮੈਂ ਅੱਗੇ ਇੱਕ ਹੋਰ ਦੀਵਾਰ ਪਹਿਲੀ ਵਰਗੀ ਵੇਖੀ। ਮੈਂ ਪ੍ਰਭੂ ਨੂੰ ਕਿਹਾ, "ਪ੍ਰਭੂ ਜੀ ਇਥੇ ਬਹੁਤ ਸਾਰੇ ਲੋਕ ਹਨ।" ਅਚਾਨਕ ਮੇਰੇ ਦਿਮਾਗ ਵਿੱਚ ਪਵਿੱਤਰ ਸ਼ਾਸਤਰ ਦਾ ਇੱਕ ਵਚਨ ਦਾਖਿਲ ਹੋਇਆ, ਜਿਸ ਨੂੰ ਮੈਂ ਸਮਝ ਨਾ ਸੱਕਿਆ ਤਦ ਪ੍ਰਭੂ ਜੀ ਨੇ ਮੈਨੂੰ ਕਿਹਾ।

**ਕਹਾਉਤਾਂ** 27:20

**"ਪਤਾਲ ਅਤੇ ਹਲਾਕਤ ਕਦੇ ਤ੍ਰਿਪਤ ਨਹੀਂ ਹੁੰਦੇ, ਉਵੇਂ ਮਨੁੱਖ ਦੀਆਂ ਅੱਖੀਆਂ ਵੀ ਕਦੀ ਤ੍ਰਿਪਤ ਨਹੀਂ ਹੁੰਦੀਆਂ।"**

ਅਸੀਂ ਉਸ ਜਗ੍ਹਾ ਨੂੰ ਛੱਡ ਕੇ ਛੇਤੀ ਹੀ ਕੜਾਹਿਆਂ ਵਾਲੀ ਜਗ੍ਹਾ ਤੇ ਆਏ ਇਹ ਕੜਾਹੇ ਉਬਲਦੇ ਹੋਏ ਚਿੱਕੜ ਨਾਲ ਭਰੇ ਹੋਏ ਸਨ, ਤਾਂ ਅਸੀਂ ਇੱਕ ਕੋਲ ਗਏ। ਇਸ ਵਿੱਚ ਇੱਕ ਔਰਤ ਨੂੰ ਵੇਖਿਆ। ਇਸ ਔਰਤ ਦਾ ਸਰੀਰ ਇਸ ਉਬਲਦੇ ਹੋਏ ਚਿੱਕੜ ਵਿੱਚ ਤਰਦਾ ਹੋਇਆ, ਉਸ ਵਿੱਚ ਹੀ ਧੱਸ ਗਿਆ। ਜਦੋਂ ਪ੍ਰਭੂ ਨੇ ਔਰਤ ਵੱਲ ਵੇਖਿਆ ਤਾਂ ਉਸ ਔਰਤ ਨੇ ਹਲਚਲ ਕਰਨੀ ਬੰਦ ਕਰ ਦਿੱਤੀ ਤਾਂ ਲੱਕ ਤੱਕ ਚਿੱਕੜ ਵਿੱਚ ਧੱਸ ਗਈ। ਪ੍ਰਭੂ ਜੀ ਨੇ ਔਰਤ ਨੂੰ ਪੁਛਿਆ, "ਤੇਰਾ ਕੀ ਨਾਂ ਹੈ?" ਉਹ ਨੇ ਉੱਤਰ ਦਿੱਤਾ, "ਮੇਰਾ ਨਾਂ ਰੁਬੇਲਾ ਹੈ।"

ਉਸ ਦੇ ਵਾਲ ਉਬਲਦੇ ਹੋਏ ਚਿੱਕੜ ਨਾਲ ਭਰੇ ਹੋਏ ਸਨ ਅਤੇ ਉਸ ਦਾ ਮਾਸ ਹੱਡੀਆਂ ਤੋਂ ਉਤਰਿਆ ਹੋਇਆ ਸੀ, ਜਿਹੜਾ ਧੂੰਆਖੇ ਹੋਏ ਵਰਗਾ ਸੀ। ਕੀੜੇ ਉਹ ਦੀਆਂ ਅੱਖਾਂ ਵਾਲੀਆਂ ਮੋਰੀਆਂ ਵਿੱਚੋਂ ਅੰਦਰ ਬਾਹਰ ਆ ਜਾ ਰਹੇ ਸਨ ਨੱਕ ਰਾਹੀਂ ਜਾ ਕਿ ਕੰਨਾਂ ਰਾਹੀਂ ਬਾਹਰ ਆ ਰਹੇ ਸਨ। ਜਦੋਂ ਕੀੜੇ ਦਾਖਿਲ ਨਹੀਂ ਹੋ ਸਕਦੇ ਤਾਂ ਉਸ ਦੇ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚੋਂ ਮੋਰੀ ਕਰਕੇ ਅੰਦਰ ਚਲੇ ਜਾਂਦੇ ਸਨ ਜਿਸ ਨਾਲ ਉਸ ਨੂੰ ਬਹੁਤ ਦਰਦ ਹੁੰਦਾ ਸੀ।

ਉਸ ਨੇ ਚਿੱਲਾ ਕੇ ਪ੍ਰਭੂ ਨੂੰ ਕਿਹਾ, "ਮੈਨੂੰ ਇਸ ਜਗ੍ਹਾ ਵਿੱਚੋਂ ਕੱਢ ਲਵੋ, ਮੇਰੇ ਤੇ ਦਯਾ ਕਰੋ। ਮੈਂ ਹੋਰ ਜ਼ਿਆਦਾ ਦੇਰ ਤੱਕ ਸਹਿ ਨਹੀਂ ਸਕਦੀ। ਪ੍ਰਭੂ ਜੀ ਇਸ ਨੂੰ ਰੋਕ ਦੇਵੋ। ਮੈਂ ਹੋਰ ਝੱਲ ਨਹੀਂ ਸਕਦੀ। **ਪ੍ਰਭੂ ਜੀ ਮੇਰੇ ਤੇ ਦਯਾ ਕਰੋ। ਪ੍ਰਭੂ ਜੀ ਨੇ ਉਹ ਨੂੰ ਪੁਛਿਆ ਤੂੰ ਇਥੇ ਕਿਉਂ ਹੈ, ਉਸ ਨੇ ਉੱਤਰ ਦਿੱਤਾ ਉਹ ਇਥੇ ਵਿਅਰਥ ਕਾਰਨਾਂ ਕਰਕੇ ਹੈ। ਇਹ ਹੀ ਸ਼ਬਦ ਉਸ ਦੀ ਛਾਤੀ ਉੱਪਰ ਲੱਗੀ ਧਾਤੂ ਦੀ ਪਲੇਟ ਉਪਰ ਲਿਖਿਆ ਹੋਇਆ ਸੀ।** ਉਸ ਦੇ ਹੱਥ ਵਿੱਚ ਇੱਕ ਸਧਾਰਣ ਬੋਤਲ ਵਿਖਾਈ ਦਿੰਦੀ ਸੀ ਪਰ ਉਹਦੇ ਲਈ ਇਹ ਮਹਿੰਗਾ ਅਤਰ ਸੀ। ਰੁਬੇਲਾ ਨੂੰ ਇਹ ਬੋਤਲ ਲੈਣੀ ਪੈਂਦੀ ਸੀ, ਜਿਹੜੀ ਪੂਰੀ ਤੇਜ਼ਾਬ ਨਾਲ ਭਰੀ ਹੋਈ ਸੀ ਉਹ ਇਸ ਦਾ ਛਿੜਕਾ ਆਪਣੇ ਸਰੀਰ ਉੱਪਰ ਕਰ ਰਹੀ ਸੀ, ਇਸ ਨਾਲ ਉਸ ਦਾ ਮਾਸ ਹੋਰ ਵੀ ਪਿੱਘਲ ਜਾਂਦਾ ਸੀ ਜਿਸ ਨਾਲ ਹੋਰ ਦੁੱਖ ਪਹੁੰਚਦਾ ਸੀ।

ਉਹ ਨੇ ਪ੍ਰਭੂ ਨੂੰ ਚਿੱਲਾ ਕੇ ਕਿਹਾ, "ਪ੍ਰਭੂ ਮੇਰੇ ਉੱਤ ਦਯਾ ਕਰ। ਮੈਂ ਇਥੇ ਹੋਰ ਨਹੀਂ ਰਹਿ ਸਕਦੀ, ਪ੍ਰਭੂ ਇੱਕ ਸੈਕਿੰਡ ਲਈ ਮੈਨੂੰ ਇਥੋਂ ਬਾਹਰ ਕੱਢ ਦੇ।" **ਮੈਂ ਇਹ ਨਹੀਂ ਕਹਿ ਰਿਹਾ ਅਤਰ ਦੀ ਵਰਤੋਂ ਕਰਨਾ ਪਾਪ ਹੈ, ਪਰ ਪ੍ਰਭੂ ਨੇ ਦੱਸਿਆ ਇਹ ਔਰਤ ਅਤਰ ਦੀ ਵਜਹ ਕਰਕੇ ਇਥੇ ਹੈ।**

**ਬਿਵਸਥਾ ਸਾਰ 5:7**

**"ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ।"**

**ਉਹ ਉਥੇ ਆਪਣੀ ਸੁੰਦਰਤਾ ਅਤਰ ਅਤੇ ਵਿਅਰਥਤਾ, ਜਿਨ੍ਹਾਂ ਨੇ ਉਸ ਦੇ ਜੀਵਨ ਵਿੱਚ ਪਹਿਲਾ ਸਥਾਨ ਪ੍ਰਾਪਤ ਕਰ ਲਿਆ ਸੀ, ਇਸ ਕਰਕੇ ਉਹ ਨਰਕ ਵਿੱਚ ਸੀ।**

* ਫਿਰ ਵੀ ਪ੍ਰਭੂ ਰਾਜਿਆਂ ਦਾ ਰਾਜਾ ਤੇ ਪ੍ਰਭੂਆਂ ਦਾ ਪ੍ਰਭੂ ਹੈ। ਉਹਦਾ ਦਰਜਾ ਤੁਹਾਡੇ ਜੀਵਨ ਵਿੱਚ ਪਹਿਲੇ ਸਥਾਨ ਤੇ ਹੋਣਾ ਚਾਹੀਦਾ ਹੈ। ਉਦਾਸੀ ਨਾਲ ਪ੍ਰਭੂ ਜੀ ਨੇ ਉਹਦੇ ਵੱਲ ਵੇਖ ਕੇ ਕਿਹਾ, "ਰੁਬੇਲਾ ਹੁਣ ਬਹੁਤ ਦੇਰ ਹੋ ਚੁੱਕੀ ਹੈ ਕੀੜੇ ਤੇਰਾ ਵਿਛਾਉਣਾ ਤੇ ਕੀੜੇ ਤੈਨੂੰ ਢੱਕ ਲੈਣਗੇ।" ਜਿਉਂ ਹੀ ਪ੍ਰਭੂ ਜੀ ਨੇ ਇਹ ਕਿਹਾ ਤਾਂ ਅੱਗ ਦੇ ਕੰਬਲ ਨੇ ਉਸ ਨੂੰ ਢੱਕ ਲਿਆ ਜਦੋਂ ਉਸਦਾ ਸਰੀਰ ਕੜਾਹੇ ਵਿੱਚ ਉੱਬਲ ਰਿਹਾ ਸੀ ਤਾਂ ਬਹੁਤ ਦਰਦ ਸਹਿੰਦੇ ਹੋਏ ਚਿਲਾ ਰਹੀ ਸੀ।

* ਤਦ ਅਸੀਂ ਇਸ ਜਗ੍ਹਾ ਨੂੰ ਛੱਡ ਕੇ ਇੱਕ ਵੱਡੇ ਦਰਵਾਜ਼ਿਆਂ ਵਾਲੀ ਜਗ੍ਹਾ ਤੇ ਪਹੁੰਚੇ ਤਾਂ ਦਰਵਾਜ਼ੇ ਸਾਡੇ ਲਈ ਖੋਲ ਦਿੱਤੇ ਗਏ। ਦੂਜੇ ਪਾਸੇ ਅਸੀਂ ਇੱਕ ਵੱਡੀ ਗੁਫਾ ਵੇਖੀ। ਜਦੋਂ ਮੈਂ ਉਪਰ ਵੇਖਿਆ ਤਾਂ ਵੱਖ ਵੱਖ ਰੰਗਾਂ ਦੀਆਂ ਰੋਸ਼ਨੀਆਂ ਘੁੰਮਦੀਆਂ ਵੇਖੀਆਂ, ਜਿਹੜੀਆਂ ਬੱਦਲ ਅਤੇ ਧੂੰਏਂ ਵਰਗੀਆਂ ਸਨ। ਅਚਾਨਕ ਅਸੀਂ ਸੰਗੀਤ ਦਾ ਸ਼ੋਰ ਸੁਣਿਆ, ਜਿਹੜਾ ਕਿ ਸਾਲਸਾ, ਬਲੇਇਨੇਟੋ, ਰੌਕ, ਭਿੰਨ ਭਿੰਨ ਤਰ੍ਹਾਂ ਦੇ ਸੰਗੀਤ ਜਿਹੜੇ ਲੋਕ ਰੇਡਿਓ ਤੇ ਸੁਣਦੇ ਹਨ। ਪ੍ਰਭੂ ਜੀ ਨੇ ਆਪਣੇ ਹੱਥਾਂ ਨਾਲ ਸਾਨੂੰ ਹਿਲਾਇਆ। ਅਸੀਂ ਕਰੋੜਾਂ ਕਰੋੜਾਂ ਲੋਕਾਂ ਨੂੰ ਜੰਜ਼ੀਰਾਂ ਨਾਲ ਉਹਨਾਂ ਦੇ ਹੱਥ ਬੰਨ੍ਹੇ ਹੋਏ ਵੇਖਿਆ। ਉਹ ਬੜੇ ਜੰਗਲੀ ਤਰੀਕੇ ਨਾਲ ਅੱਗ ਉਪਰ ਉਛਲ ਰਹੇ ਸਨ।

**ਪ੍ਰਭੂ ਜੀ ਨੇ ਸਾਡੇ ਵੱਲ ਵੇਖ ਕੇ ਕਿਹਾ, "ਵੇਖੋ ਇਹ ਨੱਚਣ ਵਾਲਿਆਂ ਦੀ ਮਜ਼ਦੂਰੀ ਹੈ।" ਉਹਨਾਂ ਨੂੰ ਇਸ ਸੰਗੀਤ ਦੀ ਧੁਨ ਤੇ ਜੰਗਲੀਆਂ ਵਾਗੂੰ ਉੱਛਲ ਕੇ ਨੱਚਣਾ ਪੈਂਦਾ ਸੀ।**

ਜਦੋਂ ਸਾਲਸਾ ਚਲਦਾ ਸੀ ਤਾਂ ਉਹ ਦੀ ਧੁੰਨ ਤੇ ਉਛਲਣਾ ਪੈਂਦਾ ਸੀ। ਜਦੋਂ ਕੋਈ ਹੋਰ ਸੰਗੀਤ ਚਲਦਾ ਸੀ ਤਾਂ ਉਸ ਦੀ ਧੁੰਨ ਤੇ ਉਛਲਣਾ ਪੈਂਦਾ ਸੀ। ਉਹ ਆਪਣਾ ਕੁਦਣਾ ਬੰਦ ਨਹੀਂ ਕਰ ਸਕਦੇ ਸਨ। ਪਰ ਸਭ ਤੋਂ ਭੈੜੀ ਗੱਲ ਇਹ ਸੀ ਉਹਨਾਂ ਦੀਆਂ ਜੁੱਤੀਆਂ ਹੇਠਾਂ ਛੇ ਛੇ ਇੰਚ ਲੰਬੇ ਕਿੱਲ ਲੱਗੇ ਹੋਏ ਸਨ। ਜਦੋਂ ਉਹ ਉਛਲਦੇ ਤਾਂ ਉਹਨਾਂ ਦੇ ਪੈਰਾਂ ਨੂੰ ਕਿੱਲ ਵਿੰਨ ਦਿੰਦੇ। ਉਹਨਾਂ ਨੂੰ ਇੱਕ ਪਲ ਦਾ ਅਰਾਮ ਨਹੀਂ ਸੀ। ਜਦੋਂ ਕੋਈ ਰੁੱਕਣ ਦੀ ਕੋਸ਼ਿਸ਼ ਕਰਦਾ ਤਾਂ ਦੁਸ਼ਟ ਆਤਮਾਵਾਂ ਉਸੇ ਵਕਤ ਆ ਜਾਂਦੀਆਂ ਤੇ ਉਹਨਾਂ ਨੂੰ ਬਰਛਿਆਂ ਨਾਲ ਮਾਰਨਾ ਸ਼ੁਰੂ ਕਰ ਦਿੰਦੀਆਂ ਅਤੇ ਸਰਾਪ ਦਿੰਦਿਆਂ ਹੋਇਆਂ ਇਹ ਕਹਿੰਦੀਆਂ ਸਨ, "ਉਸ ਦੀ ਤਾਰੀਫ਼ ਕਰੋ, ਇਹ ਹੀ ਹੁਣ ਤੁਹਾਡਾ ਰਾਜ ਹੈ। ਸ਼ੈਤਾਨ ਦੀ ਵੱਡਿਆਈ ਕਰੋ! ਤੁਸੀਂ ਹੁਣ ਉਸ ਦੀ ਵੱਡਿਆਈ ਕਰਨਾ ਬੰਦ ਨਹੀਂ ਕਰ ਸਕਦੇ, ਉਸ ਦੀ ਵੱਡਿਆਈ ਕਰੋ। ਤੁਹਾਨੂੰ ਉਸ ਦੀ ਵੱਡਿਆਈ ਕਰਨੀ ਹੀ ਪੈਣੀ ਹੈ। ਹੁਣ ਤੁਹਾਨੂੰ ਉੱਛਲਣਾ ਹੀ ਪੈਣਾ ਹੈ ਹੁਣ ਤੁਹਾਨੂੰ ਨੱਚਣਾ ਹੀ ਪੈਣਾ ਹੈ। ਹੁਣ ਤੁਸੀਂ ਇੱਕ ਸੈਕਿੰਡ ਲਈ ਵੀ ਰੁੱਕ ਨਹੀਂ ਸਕਦੇ।"

* ਇਹ ਬਹੁਤ ਹੀ ਦੁੱਖ ਦੀ ਗੱਲ ਸੀ ਕਿ ਇਹਨਾਂ ਵਿੱਚ ਬਹੁਤ ਸਾਰੇ ਮਸੀਹੀ ਸਨ ਤੇ ਪ੍ਰਭੂ ਨੂੰ ਜਾਣਦੇ ਸਨ ਪਰ ਜਦੋਂ ਉਹਨਾਂ ਦੀ ਮੌਤ ਹੋਈ ਤਾਂ ਉਹ ਨਾਇਟ ਕਲੱਬਾਂ ਵਿੱਚ ਸਨ।

ਹੋ ਸਕਦਾ ਹੈ, ਕਿ ਤੁਸੀਂ ਪੁੱਛਣਾ ਚਾਹੁੰਦੇ ਹੋਵੋ, "ਵਚਨ ਵਿੱਚ ਕਿੱਥੇ ਲਿਖਿਆ ਹੈ ਨੱਚਣਾ ਗਲਤ ਹੈ?"

**ਯਕੂਬ 4:4**

**"ਹੇ ਵਿਭਚਾਰਣੋ, ਕੀ ਤੁਹਾਨੂੰ ਮਲੂਮ ਨਹੀਂ ਭਈ ਸੰਸਾਰ ਦਾ ਮਿਤ੍ਰਚਾਰਾ ਪ੍ਰਮੇਸ਼ਵਰ ਦਾ ਵੈਰ ਹੈ? ਫੇਰ ਜੇ ਕੋਈ ਸੰਸਾਰ ਦਾ ਮਿੱਤਰ ਹੋਇਆ ਚਾਹੁੰਦਾ ਹੈ ਸੋ ਆਪਣੇ ਆਪ ਨੂੰ ਪਰਮੇਸ਼ਵਰ ਦਾ ਵੈਰੀ ਬਣਾਉਂਦਾ ਹੈ।**

**ਯਹੂੰਨਾ ਦੀ 1 ਪੱਤਰੀ 2:15-17**

**"ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਹਨਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ। ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ। ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਿਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ। ਅਤੇ ਸੰਸਾਰ ਨਾਲੇ ਉਹਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪਰਮੇਸ਼ਵਰ ਦੀ ਇੱਛਿਆ ਉੱਤੇ ਚਲਦਾ ਹੈ, ਉਹ ਸਦਾ ਤੀਕ ਕਾਇਮ ਰਹਿੰਦਾ ਹੈ।"**

* ਯਾਦ ਰਖੋ ਇਹ ਜਗਤ ਨਾਸ਼ ਹੋ ਜਾਵੇਗਾ, ਇਹ ਸਭ ਕੁਝ ਨਾਸ਼ ਹੋ ਜਾਵੇਗਾ ਪਰ ਜਿਹੜਾ ਪ੍ਰਭੂ ਦੀ ਇੱਛਾ ਨੂੰ ਪੂਰਾ ਕਰਦਾ ਹੈ ਉਹ ਹਮੇਸ਼ਾ ਖੜ੍ਹਾ ਰਹੇਗਾ।

ਮੇਰੇ ਦੋਸਤੋ ਅਤੇ ਭਰਾਵੋ, ਜਦੋਂ ਅਸੀਂ ਇਸ ਜਗ੍ਹਾ ਨੂੰ ਛੱਡਿਆ ਤਾਂ ਅਸੀਂ ਪੁਲਾਂ (Bridges) ਵਰਗੀਆਂ ਕਈ ਚੀਜ਼ਾਂ ਵੇਖੀਆਂ ਜਿਨ੍ਹਾਂ ਨੇ ਨਰਕ ਨੂੰ ਤਸੀਹੇ ਦੇਣ ਵਾਲੇ ਕਈ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਅਸੀਂ ਇੱਕ ਆਤਮਾ ਨੂੰ ਪੈਦਲ ਚੱਲਣ ਵਾਲੇ ਪੁੱਲ ਉੱਪਰ ਚਲਦੇ ਵੇਖਿਆ। ਇਹ ਧਰਤੀ ਤੇ ਵੇਖਣ ਵਾਲੇ ਇਕ ਗੁੱਡੇ ਦੀ ਤਰ੍ਹਾਂ ਸੀ। ਉਹਨਾਂ ਦੇ ਵਾਲਾਂ ਦੇ ਰੰਗ ਭਿੰਨ-ਭਿੰਨ ਸਨ। ਉਹਨਾਂ ਦੇ ਚੇਹਰੇ ਬੁੱਢੇ ਆਦਮੀਆਂ ਵਰਗੇ ਅਤੇ ਸਰੀਰ ਬੱਚਿਆਂ ਵਰਗੇ ਸੀ ਅਤੇ ਉਹ ਲਿੰਗ ਰਹਿਤ ਸਨ। ਉਹਨਾਂ ਦੀਆਂ ਅੱਖਾਂ ਬੜੀ ਦੁਸ਼ਟਤਾ ਨਾਲ ਭਰੀਆਂ ਹੋਈਆਂ ਸਨ। ਪ੍ਰਭੂ ਨੇ ਸਾਨੂੰ ਦੱਸਿਆ ਕਿ ਇਹ ਨੁਕਸਾਨ ਕਰਨ ਵਾਲੀਆਂ ਆਤਮਾਵਾਂ ਹਨ। ਇਹਨਾਂ ਦੇ ਹੱਥਾਂ ਵਿੱਚ ਬਰਛੇ ਸਨ। ਇਹ ਪੈਦਲ ਚੱਲਣ ਵਾਲੇ ਪੁਲ ਉਪਰ ਰਾਣੀ ਅਤੇ ਇੱਕ ਸੁੰਦਰ ਮਾਡਲ ਦੀ ਤਰ੍ਹਾਂ ਚੱਲ ਰਹੀਆਂ ਸਨ।

ਉਹ ਮਾਡਲ ਆਤਮਾਵਾਂ ਚੱਲਦੇ ਹੋਏ ਆਪਣੇ ਬਰਛਿਆਂ ਨਾਲ ਲੋਕਾਂ ਨੂੰ ਮਾਰਦੇ ਹੋਏ ਪੁੱਲ ਤੋਂ ਹੇਠਾਂ ਸੁੱਟ ਰਹੀਆਂ ਸਨ ਅਤੇ ਉਹਨਾਂ ਨੂੰ ਸਰਾਪ ਦਿੰਦੇ ਹੋਏ ਕਹਿ ਰਹੇ ਸਨ ਯਾਦ ਕਰੋ ਉਹ ਦਿਨ, "ਜਿਸ ਦਿਨ ਤੁਸੀਂ ਇੱਕ ਮਸੀਹੀ ਚਰਚ ਦੇ ਬਾਹਰ ਸੀ ਪਰ ਤੁਸੀਂ ਉਸ ਦੇ ਅੰਦਰ ਨਾ ਜਾਣਾ ਚਾਹਿਆ। ਯਾਦ ਕਰੋ ਉਹ ਦਿਨ ਜਦੋਂ ਉਹਨਾਂ ਨੇ ਤੁਹਾਨੂੰ ਖੁਸ਼ ਖਬਰੀ ਦਾ ਪਰਚਾ ਦਿੱਤਾ ਤੁਸੀਂ ਉਸ ਨੂੰ ਸੁੱਟ ਦਿੱਤਾ।" ਨਾਸ਼ ਹੋਈਆਂ ਜਾਨਾਂ ਆਪਣੇ ਕੰਨਾਂ ਨੂੰ ਬੰਦ ਕਰਨ ਦਾ ਯਤਨ ਕਰ ਰਹੀਆਂ ਸਨ **ਅਤੇ ਦੁਸ਼ਟ ਆਤਮਾਵਾਂ ਨੂੰ ਇਹ ਕਹਿ ਰਹੀਆਂ ਸਨ, "ਬਕਵਾਸ ਬੰਦ ਕਰੋ, ਬਕਵਾਸ ਬੰਦ ਕਰੋ"। ਸਾਨੂੰ ਹੋਰ ਨਾ ਦੱਸੋ ਅਸੀਂ ਹੋਰ ਸੁਣਨਾ ਨਹੀਂ ਚਾਹੁੰਦੇ ਆਪਣਾ ਮੂੰਹ ਬੰਦ ਕਰੋ।" ਦੁਸ਼ਟ ਆਤਮਾ ਨੂੰ ਇਹ ਕਰਨ ਤੇ ਅਨੰਦ ਹੋ ਰਿਹਾ ਸੀ, ਕਿਉਂਕਿ ਇਸ ਨਾਲ ਉਹਨਾਂ ਜਾਨਾਂ ਨੂੰ ਦੁੱਖ ਹੋ ਰਿਹਾ ਸੀ।**

ਅਸੀਂ ਪ੍ਰਭੂ ਨਾਲ ਅੱਗੇ ਵੱਧਦੇ ਗਏ। ਅਸੀਂ ਇਨਸਾਨਾਂ ਦੇ ਝੁੰਡ ਵਿੱਚੋਂ ਇੱਕ ਇਨਸਾਨ ਨੂੰ ਵੇਖਿਆ, ਜਿਹੜਾ ਦੂਜਿਆਂ ਨਾਲੋਂ ਜ਼ਿਆਦਾ ਬਲਦੀ ਹੋਈ ਅੱਗ ਵਿੱਚ ਚਿੱਲਾ ਰਿਹਾ ਸੀ। ਉਹ ਕਹਿ ਰਿਹਾ ਸੀ, "ਪਿਤਾ ਪਿਤਾ ਮੇਰੇ ਉੱਪਰ ਦਯਾ ਕਰੋ।" ਪ੍ਰਭੂ ਜੀ ਨੇ ਪਿਤਾ ਸ਼ਬਦ ਸੁਣਿਆ ਤਾਂ ਪ੍ਰਭੂ ਜੀ ਨੇ ਮਹਿਸੂਸ ਕੀਤਾ। **ਪ੍ਰਭੂ ਜੀ ਨੇ ਉਸ ਵੱਲ ਵੇਖਦੇ ਹੋਏ ਕਿਹਾ, "ਪਿਤਾ? ਤੂੰ ਮੈਨੂੰ ਪਿਤਾ ਕਹਿੰਦਾ ਹੈਂ? ਨਹੀਂ, ਮੈਂ ਤੇਰਾ ਪਿਤਾ ਨਹੀਂ ਤੇ ਨਾ ਹੀ ਤੂੰ ਮੇਰਾ ਬੇਟਾ ਹੈਂ। ਜੇ ਤੂੰ ਮੇਰਾ ਬੇਟਾ ਹੁੰਦਾ ਤਾਂ ਤੂੰ ਮੇਰੇ ਨਾਲ ਸੁਰਗ ਦੇ ਰਾਜ ਵਿੱਚ ਹੁੰਦਾ। ਤੂੰ ਆਪਣੇ ਪਿਓ ਸ਼ੈਤਾਨ ਦਾ ਪੁੱਤਰ ਹੈਂ।" ਇੱਕ ਦਮ ਅੱਗ ਦੇ ਕੰਬਲ ਨੇ ਉਸ ਨੂੰ ਢੱਕ ਲਿਆ।**

* ਪ੍ਰਭੂ ਜੀ ਨੇ ਇਸ ਇਨਸਾਨ ਦੇ ਜੀਵਨ ਬਾਰੇ ਸਾਨੂੰ ਦੱਸਿਆ। ਉਸ ਇਨਸਾਨ ਨੇ ਪ੍ਰਭੂ ਨੂੰ ਪਿਤਾ ਇਸ ਕਰਕੇ ਕਿਹਾ ਸੀ, ਕਿਉਂਕਿ ਉਸ ਨੇ ਉਸ ਨੂੰ ਜਾਣ ਲਿਆ ਸੀ। ਉਹ ਚਰਚ ਜਾਂਦਾ ਸੀ ਅਤੇ ਪਰਮੇਸ਼ਵਰ ਦਾ ਵਚਨ ਸੁਣਦਾ ਸੀ। ਉਸ ਨੇ ਬਹੁਤ ਸਾਰੇ ਵਾਅਦੇ ਵੀ ਪ੍ਰਾਪਤ ਕੀਤੇ ਸਨ। ਤਦ **ਅਸੀਂ ਪ੍ਰਭੂ ਜੀ ਕੋਲੋਂ ਪੁੱਛਿਆ, "ਇਸ ਨਾਲ ਕੀ ਵਾਪਰਿਆ ਕਿ ਇਹ ਇਸ ਜਗ੍ਹਾ ਤੇ ਹੈ?" ਪ੍ਰਭੂ ਜੀ ਨੇ ਉੱਤਰ ਦਿੱਤਾ, "ਇਹ ਦੋਗਲਾ ਜੀਵਨ ਬਿਤਾਉਂਦਾ ਸੀ।** ਇਹ ਇਕ ਜੀਵਨ ਘਰ ਵਿੱਚ ਤੇ ਦੂਜਾ ਜੀਵਨ ਚਰਚ ਵਿੱਚ ਬਿਤਾਉਂਦਾ ਸੀ। ਇਸ ਨੇ ਆਪਣੇ ਦਿਲ ਵਿੱਚ ਸੋਚਿਆ, ਇਥੇ ਕੋਈ ਪਾਸਟਰ ਜਾਂ ਬ੍ਰਦਰ ਮੇਰੇ ਨੇੜੇ ਨਹੀਂ ਹੈ, ਸੋ ਮੈਂ ਜਿਸ ਤਰ੍ਹਾਂ ਚਾਹਾਂ ਆਪਣਾ ਜੀਵਨ ਗੁਜ਼ਾਰ ਸਕਦਾ ਹਾਂ। ਪਰ ਉਹ ਭੁੱਲ ਗਿਆ ਕਿ ਪ੍ਰਭੂ ਦੀਆਂ ਅੱਖਾਂ ਹਮੇਸ਼ਾ ਤੇਰੇ ਰਾਹਾਂ ਤੇ ਲੱਗੀਆਂ ਰਹਿੰਦੀਆਂ ਹਨ। ਕੁਝ ਵੀ ਪ੍ਰਭੂ ਕੋਲੋਂ ਛੁਪਾਇਆ ਨਹੀਂ ਜਾ ਸਕਦਾ।"

**ਗਲਾਤੀਆਂ 6:7**

**"ਤੁਸੀਂ ਧੋਖਾ ਨਾ ਖਾਓ, ਪਰਮੇਸ਼ਵਰ ਠੱਠਿਆਂ ਵਿੱਚ ਨਹੀਂ ਉਡਾਈ ਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਵੀ।"**

* ਇਹ ਇਨਸਾਨ ਹੋਰਾਂ ਇਨਸਾਨਾਂ ਨਾਲੋਂ ਹਜ਼ਾਰਾਂ ਗੁਣਾਂ ਜ਼ਿਆਦਾ ਬੁਰੇ ਤਸੀਹੇ ਝੱਲ ਰਿਹਾ ਸੀ। ਉਸ ਨੂੰ ਦੋਹਰੀ ਸਜ਼ਾ ਮਿਲੀ ਸੀ – ਪਹਿਲੀ ਉਸ ਦੇ ਪਾਪ ਲਈ ਅਤੇ ਦੂਜੀ ਇਹ ਸੋਚਣ ਲਈ ਕਿ ਉਹ ਪ੍ਰਭੂ ਨੂੰ ਧੋਖਾ ਦੇ ਸਕਦਾ ਹੈ।

ਅੱਜ ਬਹੁਤ ਸਾਰੇ ਲੋਕ ਪਾਪ ਦਾ ਵਰਗੀਕਰਨ ਕਰਦੇ ਹਨ। ਉਹ ਸੋਚਦੇ ਹਨ ਕਿ ਸਮਲਿੰਗੀ, ਚੋਰ, ਅਤੇ ਖੂਨੀ ਅਤੇ ਝੂਠੇ, ਗੱਪਾਂ ਮਾਰਣ ਵਾਲਿਆਂ ਨਾਲੋਂ ਜ਼ਿਆਦਾ ਪਾਪੀ ਹਨ, ਪਰ ਪ੍ਰਭੂ ਦੀ ਨਿਗਾਹ ਵਿੱਚ ਇਹਨਾਂ ਸਾਰੇ ਪਾਪਾਂ ਦਾ ਭਾਰ ਤੇ ਸਜ਼ਾ ਇੱਕੋ ਜਿਹੀ ਹੈ। ਪ੍ਰਭੂ ਦਾ ਵਚਨ ਸਾਨੂੰ ਦੱਸਦਾ ਹੈ।

**ਰੋਮੀਆ 6:23**

**"ਪਾਪ ਦੀ ਮਜਦੂਰੀ ਤਾਂ ਮੌਤ ਹੈ ਪਰ ਪਰਮੇਸ਼ਵਰ ਦੀ ਬਖਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ।"**

**ਹਿਜ਼ਕੀਏਲ 18:20**

**"ਜਿਹੜੀ ਜਾਨ ਪਾਪ ਕਰਦੀ ਹੈ, ਉਹ ਹੀ ਮਰੇਗੀ। ਪੁੱਤਰ ਪਿਉ ਦੀ ਬਦੀ ਨਾ ਚੁੱਕੇਗਾ, ਨਾ ਪਿਉ ਪੁੱਤਰ ਦੀ ਬਦੀ ਚੁੱਕੇਗਾ। ਧਰਮੀ ਦਾ ਧਰਮ ਉਹਦੇ ਲਈ ਹੋਵੇਗਾ ਅਤੇ ਦੁਸ਼ਟੀ ਦਾ ਦੁਸ਼ਟ ਉਹਦੇ ਉੱਤੇ।"**

* ਮੇਰੇ ਭਰਾਵੋ ਅਤੇ ਦੋਸਤੋ ਮੈਂ ਤੁਹਾਨੂੰ ਸੱਦਾ ਦਿੰਦਾ ਹਾਂ ਕਿ ਪ੍ਰਭੂ ਯਿਸੂ ਮਸੀਹ ਦੇ ਸੱਦੇ ਨੂੰ ਤੁਸੀਂ ਸਵੀਕਾਰ ਕਰ ਲਵੋਂ। ਪ੍ਰਭੂ ਯਿਸੂ ਮਸੀਹ ਤੁਹਾਡੇ ਵੱਲ ਦਯਾ ਭਰਿਆ ਹੱਥ ਵਧਾਉਂਦਾ ਹੈ ਕਿ ਤੁਸੀਂ ਤੋਬਾ ਕਰ ਲਵੋ। ਪ੍ਰਭੂ ਦਾ ਵਚਨ ਦੱਸਦਾ ਹੈ ਕਿ ਜਿਹੜਾ ਆਪਣੇ ਰਾਹਾਂ ਨੂੰ ਬਦਲ ਕੇ ਤੋਬਾ ਕਰ ਲੈਂਦਾ ਹੈ, ਉਸ ਉਪਰ ਦਯਾ ਕੀਤੀ ਜਾਵੇਗੀ। ਇਸ ਲਈ ਇਹ ਬਹੁਤ ਚੰਗਾ ਹੋਵੇਗਾ ਕਿ ਅਸੀਂ ਹੁਣੇ ਵਿਸ਼ਵਾਸ ਕਰੀਏ ਨਾ ਕਿ ਇੰਤਜ਼ਾਰ ਜਿਹੜਾ ਕਿ ਸਾਨੂੰ ਬਾਅਦ ਵਿੱਚ ਬਹੁਤ ਔਖਾ ਹੋ ਜਾਵੇਗਾ।

ਪ੍ਰਭੂ ਜੀ ਤੁਹਾਨੂੰ ਬਰਕਤ ਦੇਵੇ!

# ਗਵਾਹੀ 5

ਪ੍ਰਭੂ ਦਾ ਵਚਨ ਸਾਨੂੰ ਦੱਸਦਾ ਹੈ!

**ਰੋਮੀਆਂ 6: 23**

**"ਪਾਪ ਦੀ ਮਜਦੂਰੀ ਤਾਂ ਮੌਤ ਹੈ ਪਰ ਪਰਮੇਸ਼ਵਰ ਦੀ ਬਖਸ਼ੀਸ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ।"**

ਜਦੋਂ ਅਸੀਂ ਹੇਠਾਂ ਵੱਲ ਨੂੰ ਗਏ ਤਾਂ ਮੈਂ ਮਰਨ ਵਾਲੀ ਦਰਦ ਨੂੰ ਮਹਿਸੂਸ ਕੀਤਾ। ਮੈਂ ਜੋ ਕੁਝ ਵੇਖਿਆ ਉਸ ਤੋਂ ਬਹੁਤ ਡਰਿਆ। ਮੈਂ ਮਹਿਸੂਸ ਕੀਤਾ ਉਥੇ ਬਹੁਤ ਸਾਰੇ ਲੋਕ ਸਨ ਜਿਹੜੇ ਚਿੱਲਾ ਰਹੇ ਸਨ। ਇਥੇ ਪੂਰਾ ਹਨੇਰਾ ਸੀ ਪਰ ਪ੍ਰਭੂ ਦੀ ਮੌਜੂਦਗੀ ਨਾਲ ਹਨੇਰਾ ਦੂਰ ਹੋ ਗਿਆ। ਅਸੀਂ ਹਜ਼ਾਰਾਂ ਹਜ਼ਾਰਾਂ ਜਾਨਾਂ ਨੂੰ ਮਦਦ ਲਈ ਪੁਕਾਰਦੇ ਹੋਏ ਸੁਣਿਆ। ਉਹ ਪ੍ਰਭੂ ਜੀ ਨੂੰ ਕਹਿ ਰਹੇ ਸਨ ਕਿ ਸਾਨੂੰ ਇਥੋਂ ਬਾਹਰ ਕੱਢ ਲਵੋ। ਅਸੀਂ ਵੀ ਬਹੁਤ ਦਰਦ ਮਹਿਸੂਸ ਕਰ ਰਹੇ ਸੀ ਕਿਉਂਕਿ ਅਸੀਂ ਜਾਣਦੇ ਸੀ ਕਿ ਪ੍ਰਭੂ ਜੀ ਵੀ ਉਹਨਾਂ ਵੱਲ ਵੇਖ ਕੇ ਜ਼ਿਆਦਾ ਦਰਦ ਮਹਿਸੂਸ ਕਰ ਰਿਹਾ ਸੀ।

ਬਹੁਤ ਸਾਰੇ ਪ੍ਰਭੂ ਨੂੰ ਕਹਿ ਰਹੇ ਸਨ ਕਿ ਸਾਨੂੰ ਇੱਕ ਸੈਕਿੰਡ ਲਈ ਇਥੋਂ ਬਾਹਰ ਕੱਢ ਲਵੋ। ਪ੍ਰਭੂ ਨੇ ਉਹਨਾਂ ਨੂੰ ਪੁੱਛਿਆ, "ਤੁਸੀਂ ਬਾਹਰ ਕਿਉਂ ਜਾਣਾ ਹੈ? ਉਹ ਉੱਤਰ ਦਿੰਦੇ ਸਨ ਕਿਉਂਕਿ ਅਸੀਂ ਮੁਕਤੀ ਪਾਉਣਾ ਚਾਹੁੰਦੇ ਹਾਂ! ਤੋਬਾ ਕਰਕੇ ਬੱਚਣਾ ਚਾਹੁੰਦੇ ਹਾਂ!" ਫੇਰ ਵੀ ਉਹਨਾਂ ਲਈ ਬਹੁਤ ਦੇਰ ਹੋ ਚੁੱਕੀ ਸੀ।

* ਭੈਣੋ ਅਤੇ ਭਰਾਵੋ ਜੋ ਮੈਥੋਂ ਹੁਣ ਸੁਣ ਰਹੇ ਹੋ, ਹੁਣੇ ਹੀ ਆਪਣੇ ਅਨੰਤ ਜੀਵਨ ਨੂੰ ਚੁਣਨ ਲਈ ਸਮਾਂ ਹੈ। ਤੁਸੀਂ ਜਾਂ ਤਾਂ ਹਮੇਸ਼ਾ ਅਨੰਤ ਜੀਵਨ ਵਾਲਾ ਸਥਾਨ ਜਾਂ ਅਨੰਤ ਸਜ਼ਾ ਲਈ ਜਗ੍ਹਾ ਚੁਣ ਸਕਦੇ ਹੋ ।

ਅਸੀਂ ਹੇਠਾਂ ਵੱਲ ਹੋਰ ਵੱਧੇ। ਮੈਂ ਦੇਖ ਰਿਹਾ ਸੀ ਜਿਸ ਫ਼ਰਸ਼ ਉੱਪਰ ਅਸੀਂ ਚੱਲ ਰਹੇ ਸੀ ਉਹ ਅੱਗ ਨਾਲ ਤਬਾਹ ਹੋ ਚੁੱਕੀ ਸੀ। ਚਿੱਕੜ ਅਤੇ ਅੱਗ ਦੀਆਂ ਲਾਟਾਂ ਉਸ ਵਿਚੋਂ ਨਿੱਕਲ ਰਹੀਆਂ ਸਨ ਅਤੇ ਭੈੜੀ ਬਦਬੂ ਆ ਰਹੀ ਸੀ। ਅਸੀਂ ਲੋਕਾਂ ਦੀਆਂ ਚੀਕਾਂ ਤੋਂ ਬਚੈਨੀ ਮਹਿਸੂਸ ਕਰ ਰਹੇ ਸੀ। ਅਸੀਂ ਇੱਕ ਇਨਸਾਨ ਨੂੰ ਦੂਰੋਂ ਵੇਖਿਆ ਜਿਹੜਾ ਲੱਕ ਤੱਕ ਉਬਲਦੇ ਹੋਏ ਚਿੱਕੜ ਵਿੱਚ ਖੁੱਭਾ ਹੋਇਆ ਸੀ। ਜਦੋਂ ਉਹ ਆਪਣੀਆਂ ਬਾਹਾਂ ਉੱਪਰ ਚੁੱਕਦਾ ਤਾਂ ਉਸ ਦਾ ਮਾਸ ਉਸ ਦੀਆਂ ਹੱਡੀਆਂ ਤੋਂ ਹੇਠਾਂ ਚਿੱਕੜ ਵਿੱਚ ਡਿੱਗ ਪੈਂਦਾ ਸੀ। ਅਸੀਂ ਉਸਦੇ ਪਿੰਜਰ ਵਿਚ ਇੱਕ ਮੈਲੀ ਧੁੰਦ ਵੇਖੀ। ਅਸੀਂ ਪ੍ਰਭੂ ਨੂੰ ਪੁੱਛਿਆ, "ਪ੍ਰਭੂ ਜੀ ਇਥੇ ਕੀ ਹੈ।" ਇਹ ਮੈਲੀ ਧੁੰਦ ਨਰਕ ਵਿਚਲੇ ਹਰੇਕ ਇਨਸਾਨ ਦੇ ਪਿੰਜਰ ਵਿੱਚ ਸੀ। **ਪ੍ਰਭੂ ਜੀ ਨੇ ਸਾਨੂੰ ਦੱਸਿਆ - ਇਹ ਇਨਸਾਨ ਦੀ ਜਾਨ ਹੈ, ਜਿਹੜੀ ਇਸ ਪਾਪੀ ਸਰੀਰ ਵਿੱਚ ਫੱਸੀ ਹੋਈ ਹੈ।**

**ਪ੍ਰਕਾਸ਼ ਦੀ ਪੋਥੀ 14 : 11**

**"ਅਤੇ ਉਹਨਾਂ ਦੇ ਕਸ਼ਟ ਦਾ ਧੂੰਆਂ ਜੁਗੋ ਜੁੱਗ ਉੱਠਦਾ ਰਹਿੰਦਾ ਹੈ ਸੋ ਉਹ ਜਿਹੜੇ ਦਰਿੰਦੇ ਦੀ ਅਤੇ ਉਹ ਦੀ ਮੂਰਤੀ ਦੀ ਪੂਜਾ ਕਰਦੇ ਹਨ ਅਤੇ ਉਹ ਜਿਹੜੇ ਉਹ ਦੇ ਨਾਉਂ ਦਾ ਦਾਗ ਲੁਆਉਂਦੇ ਹਨ ਰਾਤ ਦਿਨ ਕਦੇ ਚੈਨ ਨਹੀਂ ਪਾਉਂਦੇ।"**

* ਅਸੀਂ ਬਹੁਤ ਸਾਰੀਆਂ ਗੱਲਾਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ। ਜਿਹੜੀ ਗੱਲ ਨੂੰ ਅਸੀਂ ਧਰਤੀ ਤੇ ਨਜ਼ਰ ਅੰਦਾਜ਼ ਕਰ ਰਹੇ ਸੀ। ਉਹਨਾਂ ਵਿਚੋਂ ਸੱਭ ਤੋਂ ਮਹੱਤਵਪੂਰਨ ਗੱਲ ਇਹ ਸੀ ਅਤੇ ਸਪੱਸ਼ਟ ਸੰਦੇਸ਼ ਇਹ ਸੀ ਕਿ **ਜਿਸ ਤਰ੍ਹਾਂ ਦਾ ਜੀਵਨ ਅਸੀਂ ਧਰਤੀ ਤੇ ਬਤੀਤ ਕਰਦੇ ਹਾਂ ਉਹ ਹੀ ਸਾਡੀ ਆਉਣ ਵਾਲੀ ਸਦੀਪਕਤਾਈ ਨੂੰ ਤਹਿ ਕਰਦਾ ਹੈ।**

ਜਿਸ ਤਰ੍ਹਾਂ ਅਸੀਂ ਪ੍ਰਭੂ ਨਾਲ ਹੱਥ ਨਾਲ ਹੱਥ ਮਿਲਾ ਕੇ ਚੱਲ ਰਹੇ ਸੀ। ਤਾਂ ਸਾਨੂੰ ਮਹਿਸੂਸ ਹੋਇਆ ਕਿ ਨਰਕ ਵਿਚ ਸਜ਼ਾ, ਤਸੀਹੇ ਦੇਣ ਦੇ ਵੱਖ-ਵੱਖ ਭਾਗ ਹਨ। ਅਸੀਂ ਇੱਕ ਹਿੱਸੇ ਵਿੱਚ ਆਣ ਕੇ ਵੇਖਿਆ ਉਥੇ ਜਾਨਾਂ ਨੂੰ ਤਸੀਹੇ ਦੇਣ ਲਈ ਬਹੁਤ ਸਾਰੇ ਕਮਰੇ ਸਨ। ਦੁਸ਼ਟ ਆਤਮਾ ਉਥੇ ਜਾਨਾਂ ਨੂੰ ਵੱਖ-ਵੱਖ ਤਰ੍ਹਾਂ ਦੇ ਤਸੀਹੇ ਦੇ ਰਹੇ ਸਨ। ਦੁਸ਼ਟ ਆਤਮਾ ਉਹਨਾਂ ਨੂੰ ਸਰਾਪ ਦਿੰਦੇ ਹੋਏ ਇਹ ਕਹਿੰਦੇ ਸਨ, “ਤੁਸੀ ਸਰਾਪੇ ਹੋਏ ਮੰਦ ਭਾਗੇ ਇਨਸਾਨੋ ਸ਼ੈਤਾਨ ਦੀ ਵਡਿਆਈ ਕਰੋ। ਤੁਸੀਂ ਉਸ ਦੀ ਉਸੇ ਤਰ੍ਹਾਂ ਤਾਰੀਫ਼ ਕਰੋ ਜਿਵੇਂ ਤੁਸੀਂ ਧਰਤੀ ਤੇ ਕੀਤੀ ਹੈ।” ਜਾਨਾਂ ਕੀੜਿਆਂ ਤੋਂ ਅਤੇ ਅੱਗ ਤੋਂ ਜਿਹੜੀ ਕਿ ਤੇਜ਼ਾਬ ਵਾਗੂੰ ਉਹਨਾਂ ਉੱਪਰ ਜੱਲਦੀ ਸੀ ਨਾਲ ਬਹੁਤ ਤਸੀਹੇ ਝੱਲ ਰਹੀਆਂ ਸਨ।

ਅਸੀਂ ਦੋ ਇਨਸਾਨ ਕਮਰੇ ਵਿੱਚ ਵੇਖੇ। ਉਹਨਾਂ ਦੋਹਾਂ ਦੇ ਹੱਥ ਵਿੱਚ ਬਰਛੇ ਸਨ। ਇੱਕ ਦੂਜੇ ਨੂੰ ਬਰਛਾ ਮਾਰਦੇ ਹੋਏ ਕਹਿ ਰਹੇ ਸਨ, “ਤੂੰ ਸਰਾਪੀ ਤੇ ਮੰਦਭਾਗਾ ਹੋਵੇਂ ਮੈਂ ਤੇਰੀ ਵਜ਼੍ਹਾ ਕਰਕੇ ਇਥੇ ਹਾਂ। ਤੂੰ ਮੇਰਾ ਇਥੇ ਆਉਣ ਦਾ ਰਾਹ ਉਦੋਂ ਬਹਾਲ ਕਰ ਦਿੱਤਾ ਜਦੋਂ ਤੂੰ ਮੈਨੂੰ ਸੱਚਾਈ ਨੂੰ ਪਛਾਨਣ ਅਤੇ ਪ੍ਰਭੂ ਨੂੰ ਜਾਨਣ ਲਈ ਅੰਨ੍ਹਾ ਕਰ ਦਿੱਤਾ। ਤੂੰ ਮੈਨੂੰ ਪ੍ਰਭੂ ਨੂੰ ਸਵੀਕਾਰ ਨਹੀਂ ਕਰਨ ਦਿੱਤਾ, ਇਸ ਲਈ ਮੈਂ ਇਥੇ ਦਿਨ ਰਾਤ ਤਸੀਹੇ ਝੱਲ ਰਿਹਾ ਹਾਂ।

ਇਕ ਦਰਸ਼ਣ ਦੇ ਦੁਆਰਾ ਪ੍ਰਭੂ ਨੇ ਇਹਨਾਂ ਦੋਹਾਂ ਦਾ ਜੀਵਨ ਜੋ ਇਹਨਾਂ ਨੇ ਧਰਤੀ ਤੇ ਬਿਤਾਇਆ ਸੀ ਵਿਖਾਇਆ। ਅਸੀਂ ਇਹਨਾਂ ਦੋਹਾਂ ਨੂੰ ਇੱਕ (ਬਾਰ) ਠੇਕੇ ਵਿੱਚ ਵੇਖਿਆ। ਕਿਸੇ ਗੱਲ ਦੀ ਵਜ਼੍ਹਾ ਕਰਕੇ ਇਹਨਾਂ ਦੋਹਾਂ ਵਿੱਚ ਲੜਾਈ ਸ਼ੁਰੂ ਹੋ ਗਈ। ਇਹਨਾਂ ਨੇ ਸ਼ਰਾਬ ਪਹਿਲਾਂ ਹੀ ਬਹੁਤ ਪੀਤੀ ਹੋਈ ਸੀ। ਇੱਕ ਨੇ ਟੁੱਟੀ ਹੋਈ ਬੋਤਲ ਚੁੱਕ ਲਈ। ਦੂਜੇ ਨੇ ਚਾਕੂ ਕੱਢ ਲਿਆ। ਦੋਵਾਂ ਨੇ ਇੱਕ ਦੂਜੇ ਨੂੰ ਇੱਨਾਂ ਜ਼ਖਮੀ ਕਰ ਦਿੱਤਾ ਕਿ ਇਹਨਾਂ ਦੀ ਮੌਤ ਹੋ ਗਈ। ਹੁਣ ਇਹ ਦੋਵੇਂ ਇਨਸਾਨ ਇਸੇ ਦ੍ਰਿਸ਼ ਨੂੰ ਦੁਬਾਰਾ ਦੁਬਾਰਾ ਕਰਨ ਲਈ ਸ਼ੈਤਾਨ ਵੱਲੋਂ ਥਾਪ ਦਿੱਤੇ ਗਏ ਸਨ। ਉਹ ਇਸ ਚੇਤਨਾ ਤੋਂ ਹੋਰ ਦੁੱਖੀ ਸਨ ਕਿ ਉਹ ਧਰਤੀ ਤੇ ਗੂੜ੍ਹੇ ਮਿੱਤਰ ਸਨ ਇੱਕ ਦੂਜੇ ਨੂੰ ਭਰਾਵਾਂ ਵਾਗੂੰ ਪਿਆਰ ਕਰਦੇ ਸਨ।

*** ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਸੱਚਾ ਦੋਸਤ ਪ੍ਰਭੂ ਯਿਸੂ ਮਸੀਹ ਹੀ ਹੈ। ਉਹ ਹੀ ਸਾਡੇ ਨਾਲ ਰਹਿਣ ਵਾਲਾ ਸੱਚਾ ਦੋਸਤ ਹੈ। ਜਿਉਂ ਹੀ ਅਸੀਂ ਅੱਗੇ ਵੱਧਦੇ ਗਏ। ਅਸੀਂ ਦੂਜੇ ਕਮਰੇ ਵਿੱਚ ਇੱਕ ਔਰਤ ਨੂੰ ਵੇਖਿਆ, ਉਹ ਚਿੱਕੜ ਵਿੱਚ ਲੋਟ ਪੋਟ ਹੋ ਰਹੀ ਸੀ। ਉਸਦੇ ਵਾਲ ਚਿੱਕੜ ਨਾਲ ਭਰੇ ਹੋਏ ਸਨ। ਉਸੇ ਹੀ ਕਮਰੇ ਵਿੱਚ ਬਹੁਤ ਵੱਡਾ ਸੱਪ ਸੀ। ਉਹ ਉਸ ਕੋਲ ਆਇਆ ਤੇ ਉਸ ਔਰਤ ਦੇ ਸਰੀਰ ਨੂੰ ਲਿਪਟ ਕੇ ਉਸਦੇ ਹੇਠਲੇ ਅੰਗ ਵਿਚੋਂ ਉੱਪਰ ਨੂੰ ਵੱਧਣਾ ਸ਼ੁਰੂ ਕਰ ਦਿੱਤਾ। ਉਹ ਉਸ ਸੱਪ ਨਾਲ ਜ਼ਬਰਦਸਤੀ ਸਰੀਰਕ ਸੰਬੰਧ ਬਣਾਉਣ ਲਈ ਮਜਬੂਰ ਕੀਤੀ ਜਾ ਰਹੀ ਸੀ।** ਇਸ ਜਗ੍ਹਾ ਤੇ ਹਰੇਕ ਉਹ ਆਦਮੀ ਜਿਸ ਨੇ ਜ਼ਨਾਹਕਾਰੀ ਕੀਤੀ ਸੀ ਉਸਨੂੰ ਇਹ ਦ੍ਰਿਸ਼ ਬਾਰ ਬਾਰ ਸੱਪਾਂ ਨਾਲ ਦੁਹਰਾਉਣਾ ਪੈਂਦਾ ਸੀ ਜਿਨ੍ਹਾਂ ਉਪਰ 6 ਇੰਚ ਲੰਬੇ ਕੰਡੇ ਸਨ। ਸੱਪ ਉਸ ਦੇ ਸਰੀਰ ਵਿੱਚ ਦਾਖਿਲ ਹੋ ਕੇ ਦੁੱਖ ਦਿੰਦਾ ਸੀ। ਉਸਨੇ ਪ੍ਰਭੂ ਨੂੰ ਦੁਹਾਈ ਦੇ ਕੇ ਇਨ੍ਹਾਂ ਨੂੰ ਰੋਕਣ ਲਈ ਕਿਹਾ ਕਿ ਉਹ ਹੁਣ ਹੋਰ ਜ਼ਿਆਦਾ ਦੁੱਖ ਨਹੀ ਝੱਲਣਾ ਚਾਹੁੰਦੀ। ਉਹ ਪ੍ਰਭੂ ਜੀ ਕੋਲੋਂ ਇਹ ਭੀਖ ਮੰਗਣ ਲੱਗੀ। ਜਿਉਂ ਹੀ ਸੱਪ ਉਸਦੇ ਵੱਲ ਅੱਗੇ ਵੱਧਿਆ ਉਸਦੇ ਸਰੀਰ ਨੂੰ ਨੰਗੀ ਕਰਨ ਲੱਗਾ। ਅਸੀਂ ਉਸ ਦੀਆਂ ਚੀਕਾਂ ਸੁਣਕੇ ਆਪਣੇ ਕੰਨ ਬੰਦ ਕਰਨ ਦਾ ਯਤਨ ਕੀਤਾ। ਪਰ ਫਿਰ ਵੀ ਉਸ ਔਰਤ ਦੀ ਆਵਾਜ਼ ਸੁਣ ਰਹੀ ਸੀ। ਅਸੀਂ ਆਪਣੇ ਕੰਨਾਂ ਨੂੰ ਹੋਰ ਘੁੱਟ ਕੇ ਬੰਦ ਕੀਤਾ ਪਰ ਇਸ ਨਾਲ ਕੋਈ ਫ਼ਰਕ ਨਾ ਪਿਆ। ਅਸੀਂ ਪ੍ਰਭੂ ਜੀ ਨੂੰ ਕਿਹਾ, “ਪ੍ਰਭੂ ਜੀ ਮਿਹਰਬਾਨੀ ਕਰਕੇ ਅਸੀਂ ਇਹ ਸੱਭ ਕੁੱਝ ਵੇਖਣਾ ਨਹੀਂ ਚਾਹੁੰਦੇ।” ਪ੍ਰਭੂ ਜੀ ਨੇ ਉੱਤਰ ਦਿੱਤਾ “ਇਹ ਤੁਹਾਡੇ ਲਈ ਬਹੁਤ ਜ਼ਰੂਰੀ ਹੈ। ਤੁਸੀਂ ਇਸਨੂੰ ਵੇਖੋ ਤਾਂ ਕਿ ਤੁਸੀਂ ਹੋਰਾਂ ਨੂੰ ਵੀ ਦੱਸੋ। ਕਿਉਂਕਿ ਮੇਰੇ ਲੋਕ ਨਾਸ਼ ਹੋ ਰਹੇ ਹਨ। ਮੇਰੇ ਲੋਕ ਸੱਚ, ਗਿਆਨ, ਸੱਚੀ ਮੁੱਕਤੀ ਦੇ ਰਾਹ ਤੋਂ ਅਣਜਾਣ ਹਨ। ”

ਜਿਉਂ ਹੀ ਅਸੀਂ ਅੱਗੇ ਵੱਧਦੇ ਗਏ। ਅਸੀਂ ਅੱਗ ਦੀ ਵੱਡੀ ਝੀਲ ਵਿੱਚ ਹਜ਼ਾਰਾਂ ਲੋਕਾਂ ਨੂੰ ਅੱਗ ਦੀਆਂ ਲੱਪਟਾਂ ਵਿੱਚ ਵੇਖਿਆ। ਉਹ ਹੱਥ ਹਿਲਾ ਕੇ ਮਦਦ ਦੀ ਮੰਗ ਕਰ ਰਹੇ ਸਨ ਪਰ ਉਸ ਜਗ੍ਹਾ ਤੇ ਬਹੁਤ ਸਾਰੀਆਂ ਦੁੱਸ਼ਟ ਆਤਮਾਵਾਂ ਮੰਡਰਾਂ ਰਹੀਆਂ ਸਨ। ਇਹ ਦੁੱਸ਼ਟ ਆਤਮਾਵਾਂ ਹੱਥਾਂ ਵਿੱਚ ਬੱਰਛੇ ਲੈ ਕੇ ਉਹਨਾਂ ਲੋਕਾਂ ਨੂੰ ਦੁੱਖ ਦੇਣ ਲਈ ਜਿਹੜੇ ਉਸ ਝੀਲ ਵਿੱਚ ਜਲ ਰਹੇ ਸਨ ਉਹਨਾਂ ਉੱਪਰ ਮੰਡਰਾਂ ਰਹੀਆਂ ਸਨ। ਦੁੱਸ਼ਟ ਆਤਮਾਵਾਂ ਉਹਨਾਂ ਦਾ ਮਜ਼ਾਕ ਉੱਡਾ ਕੇ ਅਤੇ ਸਰਾਪ ਦਿੰਦੇ ਹੋਏ ਕਹਿ ਰਹੀਆਂ ਸਨ ਮੰਦਭਾਗੇ ਅਤੇ ਸਰਾਪੀ ਇਨਸਾਨੋ ਹੁਣ ਤੁਹਾਨੂੰ ਸ਼ੈਤਾਨ ਦੀ ਪੂਜਾ ਕਰਨੀ ਹੀ ਪੈਣੀ ਹੈ। ਉਸ ਦੀ ਵਡਿਆਈ ਕਰੋ ਜਿਸ ਤਰ੍ਹਾਂ ਤੁਸੀਂ ਧਰਤੀ ਤੇ ਕਰਦੇ ਸੀ। ਉਥੇ ਹਜ਼ਾਰਾਂ ਹਜ਼ਾਰਾਂ ਲੋਕ ਸਨ। ਅਸੀਂ ਬਹੁਤ ਹੀ ਡਰ ਗਏ। ਅਸੀਂ ਇੰਝ ਮਹਿਸੂਸ ਕੀਤਾ ਜੇ ਅਸੀਂ ਪ੍ਰਭੂ ਦਾ ਹੱਥ ਛੱਡ ਦਿੱਤਾ ਤਾਂ ਹਮੇਸ਼ਾ ਲਈ ਇਸ ਡਰਾਉਣੀ ਜਗ੍ਹਾ ਵਿੱਚ ਰਹਿ ਜਾਵਾਂਗੇ।

* ਕੁਝ ਦੂਰੀ ਤੇ ਅਸੀਂ ਇੱਕ ਆਦਮੀ ਨੂੰ ਖੜੇ ਵੇਖਿਆ ਜਿਹੜਾ ਇੱਕ ਬਹੁਤ ਵੱਡੇ ਦੁੱਖ ਤੇ ਗ਼ਮ ਵਿੱਚ ਸੀ। ਅਸੀਂ ਦੋ ਦੁੱਸ਼ਟ ਆਤਮਾਵਾਂ ਨੂੰ ਉਡਦੇ ਹੋਏ ਉਸ ਨੂੰ ਤਸੀਹੇ ਦਿੰਦੇ ਵੇਖਿਆ। ਉਹ ਉਸ ਆਦਮੀ ਦੇ ਸਰੀਰ ਵਿੱਚ ਬਰਛਾ ਮਾਰ ਕੇ ਉਸ ਦੀਆਂ

ਪਸਲੀਆਂ ਕੱਢ ਲੈਂਦੀਆਂ ਸਨ ਅਤੇ ਹਰ ਵੇਲੇ ਉਸ ਦਾ ਮਜ਼ਾਕ ਉਡਾਉਂਦੀਆਂ ਰਹਿੰਦੀਆਂ ਸਨ ਫਿਰ ਪ੍ਰਭੂ ਨੇ ਸਾਨੂੰ ਵਿਖਾਇਆ ਕਿ ਉਹ ਆਦਮੀ ਧਰਤੀ ਤੇ ਰਹਿ ਰਹੇ ਆਪਣੇ ਪਰਿਵਾਰ ਬਾਰੇ ਚਿੰਤਤ ਹੈ। ਉਹ ਇਹ ਨਹੀਂ ਚਾਹੁੰਦਾ ਕਿ ਉਸ ਦਾ ਪਰਿਵਾਰ ਇਸ ਜਗ੍ਹਾ ਤੇ ਆਵੇ ਉਸਨੇ ਆਪਣੇ ਪਰਿਵਾਰ ਨੂੰ ਕਦੇ ਵੀ ਮੁਕਤੀ ਦੇ ਸੰਦੇਸ਼ ਬਾਰੇ ਨਹੀਂ ਦੱਸਿਆ। ਉਹ ਇਸ ਯਾਦ ਵਿੱਚ ਬਹੁਤ ਉਦਾਸ ਸੀ ਕਿ ਇੱਕ ਵਾਰ ਮੁਕਤੀ ਦਾ ਮੌਕਾ ਉਸ ਕੋਲ ਅਤੇ ਉਸ ਦੇ ਪਰਿਵਾਰ ਕੋਲ ਆਇਆ ਸੀ, ਉਸਨੇ ਇਸ ਦੀ ਅਣਦੇਖੀ ਕੀਤੀ ਸੀ। ਹੁਣ ਉਹ ਆਪਣੀ ਪਤਨੀ ਅਤੇ ਬੱਚਿਆਂ ਬਾਰੇ ਚਿੰਤਤ ਸੀ। ਇਹ ਤਸੀਹੇ ਅੱਗੇ ਵਧਾਉਂਦੇ ਹੋਏ ਦੁੱਸ਼ਟ ਆਤਮਾਵਾਂ ਨੇ ਉਸ ਦੀਆਂ ਬਾਹਾਂ ਨੂੰ ਕੱਟ ਦਿੱਤਾ। ਉਹ ਆਦਮੀ ਜਲਦੇ ਹੋਏ ਚਿੱਕੜ ਵਿੱਚ ਡਿੱਗ ਪਿਆ। ਇਸ ਬਲਦੀ ਹੋਈ ਚਿੱਕੜ ਵਿੱਚ ਦਰਦ ਦੇ ਕਾਰਣ ਉਹ ਇੱਕ ਕੀੜੇ ਵਾਂਗੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਰੀਂਗਣ ਲੱਗਾ। ਗਰਮੀ ਕਾਰਨ ਉਸਦੀਆਂ ਹੱਡੀਆਂ ਤੇ ਉਸਦਾ ਮਾਸ ਡਿੱਗ ਪਿਆ। ਫਿਰ ਉਹ ਇਕ ਸੱਪ ਦੀ ਤਰ੍ਹਾਂ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਲਈ ਫੁਨਕਾਰੇ ਮਾਰਨ ਲੱਗਾ। ਜਿੰਨੀ ਵਾਰ ਉਸਨੇ ਬਾਹਰ ਨਿਕਲਣਾ ਚਾਹਿਆ, ਦੁੱਸ਼ਟ ਆਤਮਾਵਾਂ ਨੇ ਉਸਨੂੰ ਹੋਰ ਚਿੱਕੜ ਦੀ ਗਹਿਰਾਈ ਵਿੱਚ ਧੱਸ ਦਿੱਤਾ।

* ਫੇਰ ਅਸੀਂ ਇੱਕ ਹੋਰ ਜਗ੍ਹਾ ਤੇ ਦੁੱਸ਼ਟ ਆਤਮਾਵਾਂ ਨੂੰ ਵੇਖਿਆ। **ਇੱਕ ਚੀਜ਼ ਨੇ ਮੇਰਾ ਧਿਆਨ ਅਕਰਸ਼ਤ ਕੀਤਾ ਕਿ ਇਕ ਦੁੱਸ਼ਟ ਆਤਮਾ ਦਾ ਇੱਕ ਪਰ ਕੱਟਿਆ ਹੋਇਆ ਸੀ। ਮੈਂ ਪ੍ਰਭੂ ਨੂੰ ਪੁੱਛਿਆ, "ਪ੍ਰਭੂ ਜੀ ਇਸ ਦੁੱਸ਼ਟ ਆਤਮਾ ਦਾ ਇੱਕ ਪਰ ਕਿਉਂ ਕੱਟਿਆ ਹੋਇਆ ਹੈ? ਪ੍ਰਭੂ ਜੀ ਨੇ ਕਿਹਾ ਇਹ ਦੁੱਸ਼ਟ ਆਤਮਾ ਧਰਤੀ ਉੱਪਰ ਇੱਕ ਮਕਸਦ ਨਾਲ ਭੇਜੀ ਗਈ ਸੀ ਪਰ ਇਹ ਆਪਣੇ ਮਕਸਦ ਨੂੰ ਪੂਰਾ ਨਾ ਕਰ ਸਕੀ। ਇਹ ਦੁੱਸ਼ਟ ਆਤਮਾ ਇੱਕ ਪਰਮੇਸ਼ਵਰ ਦੇ ਸੇਵਕ ਦੁਆਰਾ ਵਾਪਿਸ ਭੇਜ ਦਿੱਤੀ ਗਈ ਤਦ ਸ਼ੈਤਾਨ ਨੇ ਇਸਨੂੰ ਸਜ਼ਾ ਦਿੱਤੀ। ਇਸਦਾ ਇੱਕ ਪਰ ਕੱਟ ਦਿੱਤਾ।" ਤਦ ਸਾਨੂੰ ਸਮਝ ਲੱਗੀ ਇੱਕ ਮਸੀਹੀ ਹੁੰਦਿਆਂ ਹੋਇਆਂ ਪ੍ਰਭੂ ਯਿਸੂ ਦੇ ਨਾਂ ਵਿੱਚ ਸਾਡੇ ਕੋਲ ਸਾਰੇ ਦੁਸ਼ਟ ਆਤਮਾ ਤੇ ਹਕੂਮਤਾਂ ਤੇ ਅਧਿਕਾਰ ਹੈ।**

ਪਿਆਰੇ ਮਿੱਤਰੋ ਜਿਹੜੇ ਕਿ ਇਸ ਗਵਾਹੀ ਦੇ ਸ਼ਬਦ ਸੁਣ ਰਹੇ ਹੋ ਇਹ ਗਵਾਹੀ ਦੋਸ਼ ਦੇਣ ਲਈ ਨਹੀਂ ਪਰ ਮੁਕਤੀ ਲਈ ਹੈ, ਤਾਂ ਕਿ ਆਪਣੇ ਆਪ ਨੂੰ ਜਾਂਚ ਸਕੋ। ਤੁਹਾਡੇ ਦਿਲ ਦੀ ਹਾਲਤ ਪ੍ਰਭੂ ਅੱਗੇ ਕੀ ਹੈ ਤੁਹਾਨੂੰ ਇਸ ਬਾਰੇ ਪਤਾ ਲੱਗ ਸਕੇ। ਇਹ ਇਸ ਕਰਕੇ ਹੈ ਕਿ ਤੁਸੀਂ ਆਪਣੇ ਬੁਰੇ ਰਾਹਾਂ ਤੋਂ ਮੁਕਤੀ ਵੱਲ ਮੁੜ ਜਾਵੋ। ਹੁਣ ਤੁਸੀਂ ਪ੍ਰਭੂ ਅੱਗੇ ਆਪਣੇ ਦਿਲ ਨੂੰ ਰੱਖੋ ਅਤੇ ਆਪਣੇ ਪਾਪ ਦਾ ਇਕਰਾਰ ਕਰੋ ਜੇ ਪ੍ਰਭੂ ਹੁਣੇ ਹੀ ਆ ਜਾਵੇ ਤਾਂ ਤੁਸੀਂ ਉਸ ਨਾਲ ਜਾ ਸਕੋ ਬਜਾਏ ਇਸਦੇ ਕਿ ਤੁਸੀਂ ਉਸ ਜਗ੍ਹਾ ਤੇ ਪਹੁੰਚ ਜਾਵੋ, ਜਿਥੇ ਰੋਣਾ ਤੇ ਦੰਦਾਂ ਦਾ ਪੀਸਣਾ ਹੈ। **ਇਥੋਂ ਤੁਸੀਂ ਸੱਚ ਮੁੱਚ ਜਾਣ ਲਵੋਗੇ ਕਿ ਯਿਸੂ ਮਸੀਹ ਨੂੰ ਕਲਵਰੀ ਕਰੂਸ ਉੱਪਰ ਏਡੀ ਵੱਡੀ ਕੀਮਤ ਕਿਉਂ ਚੁਕਾਉਣੀ ਪਈ।**

ਅਸੀਂ ਬਹੁਤ ਸਾਰੇ ਲੋਕ ਨਰਕ ਵਿੱਚ ਵੇਖੇ ਜਿਹੜੇ ਇਸ ਗੱਲੋਂ ਅਨਜਾਣ ਸੀ ਕਿ ਉਹ ਉਥੇ ਕਿਉਂ ਸਨ। ਉਹਨਾਂ ਦੇ ਜੀਵਨ ਵਿੱਚ ਬਹੁਤ ਸਾਰੀਆਂ ਗਤੀਵਿਧੀਆਂ ਸਨ। ਜਿਨ੍ਹਾਂ ਨੂੰ ਉਹ ਲੋਕ ਪਾਪ ਨਹੀਂ ਸਮਝਦੇ ਸਨ। ਪਿਆਰੇ ਦੋਸਤੋ ਆਪਣੇ ਆਪ ਨੂੰ ਜਾਂਚੋ। ਇਹ ਨਾ ਸੋਚੋ ਕਿ ਝੂਠ ਬੋਲਣਾ, ਚੋਰੀ ਕਰਨਾ, ਅਤੇ ਵਿਅਰਥ ਬਣੇ ਰਹਿਣਾ ਹੀ ਪਾਪ ਹੈ। ਇਹੋ ਜਿਹੀਆਂ ਹੋਰ ਵੀ ਗੱਲਾਂ ਪ੍ਰਭੂ ਅੱਗੇ ਪਾਪ ਹਨ।

ਪਿਆਰੇ ਭਰਾਵੋ, ਮੁੜ ਆਵੋ ਅਤੇ ਇਹ ਕੰਮ ਕਰਨਾ ਬੰਦ ਕਰ ਦੇਵੋ ਮੈਂ ਇਹ ਸੰਦੇਸ਼ ਤੁਹਾਨੂੰ ਇਸ ਕਰਕੇ ਦੇ ਰਿਹਾ ਹਾਂ ਕਿ ਤੁਸੀਂ ਜਾਣਦੇ ਬੁੱਝਦੇ ਹੋਏ ਪਾਪ ਕਰਨਾ ਬੰਦ ਕਰ ਦੇਵੋ ਅਤੇ ਪ੍ਰਭੂ ਦੇ ਚੇਹਰੇ ਵੱਲ ਤੱਕਦੇ ਰਹੋ।

**ਧੰਨਵਾਦ !**

# ਗਵਾਹੀ 6

**ਜ਼ਬੂਰ 62:12**

**" ਹੇ ਪ੍ਰਭੂ, ਦਯਾ ਵੀ ਤੇਰੀ ਹੀ ਹੈ, ਕਿਉਂ ਜੋ ਤੂੰ ਹਰ ਮਨੁੱਖ ਨੂੰ ਉਹ ਦੀਆਂ ਕੀਤੀਆਂ ਅਨੁਸਾਰ ਫੱਲ ਦਿੰਦਾ ਹੈਂ।"**

ਸਵੇਰ ਨੂੰ ਪ੍ਰਭੂ ਨੇ ਸਾਨੂੰ ਉਸ ਕਮਰੇ ਵਿੱਚ ਵੇਖਿਆ। ਉਹ ਨੇ ਸਾਡਾ ਹੱਥ ਫੜਿਆ ਅਤੇ ਅਸੀਂ ਹੇਠਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ। ਮੇਰਾ ਦਿਲ ਪੂਰਾ ਡਰ ਨਾਲ ਭਰਿਆ ਹੋਇਆ ਸੀ ਜਿਸਦਾ ਮੈਂ ਬਿਆਨ ਨਹੀਂ ਕਰ ਸਕਦਾ ਸੀ। ਮੈਂ ਆਪਣੇ ਬਚਾਉਣ ਵਾਲੇ ਪ੍ਰਭੂ ਦਾ ਹੱਥ ਨਹੀਂ ਛੱਡ ਸਕਦਾ ਸੀ। ਮੈਂ ਮਹਿਸੂਸ ਕੀਤਾ ਕਿ ਪ੍ਰਭੂ ਹੀ ਮੇਰੀ ਜ਼ਿੰਦਗੀ ਅਤੇ ਰੋਸ਼ਨੀ ਹੈ! ਉਸ ਤੋਂ ਬਿਨਾਂ ਮੇਰੀ ਕੋਈ ਉਮੀਦ ਨਹੀਂ ਹੈ। ਉਸ ਵਿੱਚ ਹੀ ਮੇਰੀ ਜ਼ਿੰਦਗੀ ਸੀ। ਨਹੀਂ ਤਾਂ ਮੈਂ ਇਸ ਜਗ੍ਹਾ ਤੇ ਰਹਿ ਜਾਂਦਾ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਤਰ੍ਹਾਂ

ਦੀ ਵੀ ਥਾਂ ਹੈ। ਮਸੀਹੀ ਹੁੰਦਿਆਂ ਹੋਇਆਂ ਮੈਂ ਹਮੇਸ਼ਾ ਸੋਚਦਾ ਸੀ ਕਿ purgatory (ਤੋਬਾ ਕਰਨ ਵਾਲਾ ਸਥਾਨ) ਇੱਕ ਨਰਕ ਹੈ। ਪਰ ਪ੍ਰਭੂ ਜੀ ਨੇ ਮੈਨੂੰ ਨਰਕ ਬਾਰੇ ਸੱਚਾਈ ਵਿਖਾਈ।

ਜਦੋਂ ਅਸੀਂ ਨਰਕ ਵਿੱਚ ਪਹੁੰਚੇ ਤਾਂ ਮਹਿਸੂਸ ਕੀਤਾ ਉਹ ਜਗ੍ਹਾ ਹਿੱਲ ਗਈ ਅਤੇ ਸਾਰੀਆਂ ਦੁਸ਼ਟ ਆਤਮਾਵਾਂ ਨੇ ਉਸ ਜਗ੍ਹਾ ਤੋਂ ਭੱਜਣਾ, ਲੁੱਕਣਾ ਸ਼ੁਰੂ ਕਰ ਦਿੱਤਾ ਪ੍ਰਭੂ ਜੀ ਦੇ ਸਾਹਮਣਿਉ। ਅਸੀਂ ਬੰਧੀ ਜਾਨਾਂ ਨੂੰ ਉੱਚੀ ਅਵਾਜ਼ ਵਿੱਚ ਚਿਲਾਉਂਦੇ ਹੋਏ ਸੁਣਿਆ ਕਿ ਉਹ ਜਾਣ ਦੀਆਂ ਸਨ ਕਿ ਪ੍ਰਭੂ ਯਿਸੂ ਮਸੀਹ ਇਥੇ ਹਨ। ਉਹ ਇਹ ਵੀ ਜਾਣਦੀਆਂ ਸਨ ਕਿ ਇਕੋ ਇਹ ਇਨਸਾਨ ਯਿਸੂ ਮਸੀਹ ਹੀ ਸਾਨੂੰ ਇਸ ਜਗ੍ਹਾ 'ਚੋ ਕੱਢ ਸਕਦਾ ਹੈ। ਇਹ ਉਹਨਾਂ ਦੀ ਝੂਠੀ ਉਮੀਦ ਸੀ।

ਅਸੀਂ ਪ੍ਰਭੂ ਯਿਸੂ ਮਸੀਹ ਨਾਲ ਅੱਗੇ ਵੱਧਦੇ ਹੋਏ ਜ਼ਨਾਹਕਾਰਾਂ ਦੇ ਭਾਗ ਵਿੱਚ ਪਹੁੰਚੇ। ਪ੍ਰਭੂ ਯਿਸੂ ਮਸੀਹ ਨੇ ਇੱਕ ਅੱਗ ਨਾਲ ਤੜਫ ਰਹੀ ਔਰਤ ਵੱਲ ਮੁੜ ਕੇ ਵੇਖਿਆ ਤਾਂ ਅੱਗ ਦੀਆ ਲੱਪਟਾਂ ਘੱਟ ਗਈਆਂ ਪਰ ਉਸਦਾ ਦੁੱਖ ਨਾ ਘਟਿਆ। ਅਸੀਂ ਉਸਨੂੰ ਬਿਲਕੁੱਲ ਨੰਗੇ ਵੇਖਿਆ। ਸਰੀਰ ਦੇ ਸਾਰੇ ਅੰਗ ਸਾਨੂੰ ਸਾਫ਼ ਸਾਫ਼ ਦਿਖਾਈ ਦੇ ਰਹੇ ਸਨ। ਉਸਦਾ ਸਰੀਰ ਬਦਬੂ ਮਾਰ ਰਿਹਾ ਸੀ। ਉਸਦੇ ਵਾਲ ਗੁਥੇ ਹੋਏ ਉਲਝੇ ਹੋਏ ਸਨ, ਉਹ ਪੀਲੇ ਤੇ ਹਰੇ ਚਿੱਕੜ ਨਾਲ ਲਿਬੜੀ ਪਈ ਸੀ। ਉਸਦੀਆਂ ਅੱਖਾਂ ਨਹੀਂ ਸਨ। ਉਸਦੇ ਬੁਲ੍ਹ ਟੁਕੜੇ 2 ਹੋ ਕੇ ਡਿੱਗ ਰਹੇ ਸਨ। ਉਸਦੇ ਕੰਨ ਨਹੀਂ ਸਨ, ਪਰ ਮੋਰੀਆਂ ਸਨ। ਉਸਦੇ ਹੱਥ ਨਹੀਂ ਸਨ ਪਰ ਕਾਲੀਆਂ ਧੁੱਖੀਆਂ ਹੋਈਆਂ ਹੱਡੀਆਂ ਹੀ ਸਨ। ਉਹ ਆਪਣੇ ਮੂੰਹ ਉਪਰੋਂ ਡਿੱਗ ਰਹੇ ਮਾਸ ਨੂੰ ਦੁਬਾਰਾ ਚੰਬੇੜਨ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਇਸ ਤਰ੍ਹਾਂ ਉਸਨੂੰ ਹੋਰ ਦੁੱਖ ਹੋ ਰਿਹਾ ਸੀ। ਉਹ ਉੱਚੀ ਆਵਾਜ਼ ਨਾਲ ਚਿੱਲਾ ਰਹੀ ਸੀ। ਉਸ ਦੀਆਂ ਚੀਕਾਂ ਦਾ ਅੰਤ ਨਹੀਂ ਹੋ ਰਿਹਾ ਸੀ। ਉਸਦੇ ਸਰੀਰ ਵਿੱਚ ਪੂਰੀ ਤਰ੍ਹਾਂ ਕੀੜੇ ਪਏ ਹੋਏ ਸਨ ਅਤੇ ਉਸ ਦੀ ਬਾਂਹ ਦੇ ਆਲੇ ਦੁਆਲੇ ਮੋਟਾ ਸੱਪ ਜਿਸ ਉਪਰ ਕੰਡੇ ਸਨ ਲਿਪਿਟਿਆ ਹੋਇਆ ਸੀ। **ਉਸਦੇ ਸਰੀਰ ਉਪਰ 666 ਅੰਕ ਉੱਕਰਿਆ ਹੋਇਆ ਸੀ। ਇਹ ਉਹ ਹੀ ਪਸ਼ੂ ਦਾ ਅੰਕ ਹੈ।**

**ਪ੍ਰਕਾਸ਼ ਦੀ ਪੋਥੀ 13 : 18**

**"ਇਹ ਗਿਆਨ ਦਾ ਮੌਕਾ ਹੈ ! ਜਿਹਨੂੰ ਬੁੱਧ ਹੈ ਉਹ ਉਸ ਦਰਿੰਦੇ ਦੇ ਅੰਕ ਗਿਣ ਲਵੇ। ਉਹ ਮਨੁੱਖ ਦਾ ਅੰਕ ਹੈ ਅਤੇ ਉਹਦਾ ਅੰਕ 666 ਹੈ।"**

**ਉਹਦੀ ਛਾਤੀ ਦੁਆਲੇ ਇੱਕ ਧਾਤੂ ਦੀ ਪਲੇਟ ਲੱਗੀ ਹੋਈ ਸੀ। ਪਲੇਟ ਉੱਪਰ ਕੁੱਝ ਸ਼ਬਦ ਲਿਖੇ ਹੋਏ ਸਨ ਜਿਹੜੇ ਅਜਨਬੀ ਭਾਸ਼ਾ ਵਿੱਚ ਸਨ। ਅਸੀਂ ਇਹ ਲਿਖਿਆ ਹੋਇਆ ਸਮਝ ਗਏ, ਜਿਹੜਾ ਇਸ ਤਰ੍ਹਾਂ ਸੀ "ਮੈਂ ਇਥੇ ਵਿਭਚਾਰ ਕਰਕੇ ਹਾਂ।"**

ਜਦੋਂ ਪ੍ਰਭੂ ਜੀ ਨੇ ਉਸ ਵੱਲ ਵੇਖ ਕੇ ਉਹਨੂੰ ਪੁੱਛਿਆ, **"ਏਲੀਨਾ ਤੂੰ ਇਸ ਜਗ੍ਹਾ ਵਿੱਚ ਕਿਉਂ ਹੈਂ?" ਜਿਉਂ ਹੀ ਏਲੀਨਾ ਉੱਤਰ ਦੇਣ ਲਈ ਮੁੜੀ ਤਾਂ ਉਸਦੇ ਸਰੀਰ ਨੂੰ ਬਹੁਤ ਦੁੱਖ ਪਹੁੰਚਿਆ। ਉਸਨੇ ਕਿਹਾ ਮੈਂ ਇਥੇ ਵਿਭਚਾਰ ਕਰਕੇ ਹਾਂ। ਉਸਨੇ ਬਾਰ ਬਾਰ ਪ੍ਰਭੂ ਕੋਲੋਂ ਆਪਣੇ ਇਸ ਪਾਪ ਦੀ ਮਾਫ਼ੀ ਮੰਗੀ।**

ਤਦ ਅਸੀਂ ਉਸਦੀ ਮੌਤ ਦਾ ਅਖੀਰਲਾ ਸਮਾਂ ਵੇਖਣਾ ਸ਼ੁਰੂ ਕਰ ਦਿੱਤਾ ਜਦੋਂ ਉਹ ਮਰੀ ਤਾਂ ਆਪਣੇ ਪ੍ਰੇਮੀ ਨਾਲ ਭੋਗ (ਸੰਗ) ਕਰ ਰਹੀ ਸੀ। ਕਿਉਂਕਿ ਉਸਨੇ ਇਹ ਸੋਚਿਆ, ਜਿਸ ਇਨਸਾਨ ਨਾਲ ਮੈਂ ਰਹਿ ਰਹੀ ਹਾਂ ਉਹ ਬਾਹਰ ਗਿਆ ਹੋਇਆ ਹੈ, ਪਰ ਉਸਦਾ ਇੱਕ ਪ੍ਰੇਮੀ ਵਾਪਿਸ ਆ ਗਿਆ, ਅਤੇ ਉਸ ਨੇ ਉਸਨੂੰ ਉਸ ਆਦਮੀ ਨਾਲ ਹਮ-ਬਿਸਤਰ ਪਾਇਆ (ਦੇਖਿਆ)। ਉਸ ਆਦਮੀ ਨੇ ਰਸੋਈ ਵਿਚੋਂ ਚਾਕੂ ਲਿਆ ਅਤੇ ਏਲੀਨਾ ਦੀ ਪਿੱਠ ਵਿੱਚ ਮਾਰਿਆ। ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਤਰ੍ਹਾਂ ਇਹ ਨੰਗੀ ਨਰਕ ਵਿੱਚ ਪਹੁੰਚ ਗਈ। ਨਰਕ ਵਿੱਚ ਸੱਭ ਕੁੱਝ ਅਸਲੀਅਤ ਵਿੱਚ ਹੁੰਦਾ ਹੈ। ਇਹੀ ਚਾਕੂ ਨਰਕ ਵਿੱਚ ਵੀ ਉਸਦੀ ਪਿੱਠ ਵਿੱਚ ਲੱਗਾ ਹੋਇਆ ਸੀ। ਇਹ ਉਸਨੂੰ ਬਹੁਤ ਦੁੱਖ ਦੇ ਰਿਹਾ ਸੀ। ਉਸਨੂੰ ਨਰਕ ਵਿੱਚ ਆਏ ਹੋਏ 7 ਸਾਲ ਬੀਤ ਗਏ ਸਨ ਅਤੇ ਹੁਣ ਵੀ ਉਸਨੂੰ ਆਪਣੀ ਜ਼ਿੰਦਗੀ ਅਤੇ ਮੌਤ ਦਾ ਇੱਕ ਇੱਕ ਪਲ ਯਾਦ ਸੀ। ਉਸਨੂੰ ਯਾਦ ਆਉਂਦਾ ਹੈ, ਕਿਸ ਤਰ੍ਹਾਂ ਇੱਕ ਆਦਮੀ ਨੇ ਪ੍ਰਭੂ ਯਿਸੂ ਮਸੀਹ ਬਾਰੇ ਦੱਸਣਾ ਚਾਹਿਆ ਕਿ ਉਹ ਹੀ ਉਸਨੂੰ ਬਚਾ ਸਕਦਾ ਹੈ, ਪਰ ਹੁਣ ਉਸ ਲਈ ਅਤੇ ਹੋਰਾਂ ਲਈ ਜੋ ਨਰਕ ਵਿੱਚ ਸਨ ਬਹੁਤ ਦੇਰ ਹੋ ਚੁੱਕੀ ਸੀ।

**ਪ੍ਰਭੂ ਜੀ ਦਾ ਵਚਨ ਵਿਭਚਾਰ ਬਾਰੇ ਬਹੁਤ ਸਫ਼ਾਈ ਨਾਲ ਦੱਸਦਾ ਹੈ, ਵਿਭਚਾਰ ਵਿਹਾਉਤਾ ਜੀਵਨ ਤੋਂ ਬਾਹਰ ਵਾਲਾ ਗੈਰ ਕਾਨੂੰਨੀ ਰਿਸ਼ਤਾ ਹੁੰਦਾ ਹੈ।**

**1 ਕੁਰੰਥੀਆਂ 6: 18**

**"ਹਰਾਮਕਾਰੀ ਤੋਂ ਭੱਜੋ। ਹਰੇਕ ਪਾਪ ਜੋ ਮਨੁੱਖ ਕਰਦਾ ਹੈ ਸੋ ਸਰੀਰ ਦੇ ਬਾਹਰ ਹੈ ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ।**

ਜਦੋਂ ਯਿਸੂ ਮਸੀਹ ਨੇ ਆਪਣੀ ਗੱਲ ਖਤਮ ਕੀਤੀ ਤਾਂ ਅੱਗ ਦੇ ਕੰਬਲ ਨੇ ਉਸ ਔਰਤ ਨੂੰ ਲਪੇਟ ਲਿਆ ਫਿਰ ਅਸੀਂ ਉਸਨੂੰ ਨਾ ਵੇਖਿਆ ਪਰ ਅਸੀਂ ਉਸਦੀ ਅੱਗ ਵਿੱਚ ਸੜ੍ਹਨ ਦੀ ਆਵਾਜ਼ ਸੁਣੀ ਅਤੇ ਉਹ ਬਹੁਤ ਭਿਆਨਕ ਚੀਕਾਂ ਮਾਰ ਰਹੀ ਸੀ ਜਿਹੜੀਆਂ ਕਿ ਅਸੀਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ।

ਜਿਉਂ ਹੀ ਅਸੀਂ ਪ੍ਰਭੂ ਜੀ ਨਾਲ ਹੋਰ ਅੱਗੇ ਵਧੇ ਤਾਂ ਪ੍ਰਭੂ ਜੀ ਨੇ ਸਾਨੂੰ ਹੋਰ ਲੋਕ ਵੀ ਵਿਖਾਏ ਜਿਹੜੇ ਮੂਰਤੀ ਪੂਜਕ, ਜਾਦੂਗਰ, ਘਿਨਾਉਣੇ ਕੰਮ ਕਰਨ ਵਾਲੇ, ਵਿਭਚਾਰਕ, ਝੂਠੇ ਅਤੇ ਸਮਲਿੰਗੀ ਸਨ। ਅਸੀਂ ਬਹੁਤ ਹੀ ਡਰ ਗਏ ਹੁਣ ਇਕੋ ਹੀ ਕੰਮ ਕਰਨਾ ਚਾਹੁੰਦੇ ਸੀ ਉਥੋਂ ਵਾਪਸ ਆ ਜਾਈਏ ਪਰ ਯਿਸੂ ਜੀ ਇਹ ਹੀ ਕਹਿ ਰਹੇ ਸਨ ਕਿ ਇਹ ਦ੍ਰਿਸ਼ ਦੇਖਣਾ ਤੁਹਾਡੇ ਲਈ ਬਹੁਤ ਜ਼ਰੂਰੀ ਹੈ ਤਾਂ ਕਿ ਤੁਸੀਂ ਹੋਰਾਂ ਨੂੰ ਵੀ ਇਸ ਬਾਰੇ ਦੱਸ ਸਕੋ ਤਾਂ ਉਹ ਵੀ ਯਾਕੀਨ ਕਰ ਸਕਣ।

ਅਸੀਂ ਪ੍ਰਭੂ ਜੀ ਦਾ ਹੱਥ ਫੜ ਕੇ ਹੋਰ ਅੱਗੇ ਵੱਧਦੇ ਗਏ। ਅਸੀਂ ਇੱਕ ਅਜਿਹੇ ਹਿੱਸੇ ਵਿੱਚ ਆਏ ਜਿਸ ਨੇ ਮੇਰੇ ਉੱਪਰ ਬਹੁਤ ਪ੍ਰਭਾਵ ਪਾਇਆ। ਇਥੇ ਇੱਕ 23 ਸਾਲ ਦੇ ਨੌਜਵਾਨ ਨੂੰ ਅੱਗ ਦੀਆ ਲੱਪਟਾਂ ਦੇ ਵਿਚਕਾਰ ਵੇਖਿਆ।

ਅਸੀਂ ਉਸਨੂੰ ਤਸੀਹੇ ਸਹਿੰਦੇ ਵੇਖ ਰਹੇ ਸੀ। **ਉਸ ਉੱਪਰ 666 ਅੰਕ ਉਕਰਿਆ ਹੋਇਆ ਸੀ। ਉਸਦੇ ਛਾਤੀ ਉੱਪਰ ਲੱਗੀ ਧਾਤੂ ਦੀ ਪਲੇਟ ਉੱਪਰ ਇਸ ਤਰ੍ਹਾਂ ਲਿਖਿਆ ਹੋਇਆ ਸੀ, "ਮੈਂ ਇਥੇ ਇੱਕ ਸਧਾਰਣ ਬਣਿਆ ਰਹਿਣ ਕਰਕੇ ਹਾਂ।"** ਜਦੋਂ ਉਸਨੇ ਯਿਸੂ ਮਸੀਹ ਵੱਲ ਵੇਖਿਆ ਤਾਂ ਦਯਾ ਦੀ ਭੀਖ ਮੰਗੀ।

**ਕਹਾਉਂਤਾ** 14:12

**"ਅਜਿਹਾ ਰਾਹ ਵੀ ਜੋ ਮਨੁੱਖ ਨੂੰ ਸਿੱਧਾ ਜਾਪਦਾ ਹੈ, ਪਰ ਉਹਦੇ ਅੰਤ ਵਿੱਚ ਮੌਤ ਦੇ ਰਾਹ ਹਨ।"**

**ਜਦੋਂ ਅਸੀਂ ਉਸਦੀ ਛਾਤੀ ਉੱਪਰ ਲੱਗੀ ਪਲੇਟ ਉੱਪਰ ਲਿਖਿਆ ਹੋਇਆ ਪੜ੍ਹਿਆ ਉਹ ਇਹ ਸੀ - ਮੈਂ ਇੱਕ ਸਧਾਰਣ ਬਣਿਆ ਰਹਿਣ ਕਰਕੇ ਇਥੇ ਹਾਂ,** ਤਾਂ ਅਸੀਂ ਪ੍ਰਭੂ ਨੂੰ ਪੁੱਛਿਆ, ਪ੍ਰਭੂ ਜੀ ਇਹ ਇੱਕ ਸਧਾਰਣ ਆਦਮੀ ਇਥੇ ਕਿਸ ਤਰ੍ਹਾਂ ਪਹੁੰਚ ਗਿਆ। **ਪ੍ਰਭੂ ਜੀ ਨੇ ਪੁੱਛਿਆ? "ਅੰਦ੍ਰਿਯਾਸ ਤੂੰ ਇਥੇ ਕਿਉਂ ਹੈ, ਉਸਨੇ ਉਤਰ ਦਿੱਤਾ, "ਪ੍ਰਭੂ ਜੀ ਜਦੋਂ ਮੈਂ ਧਰਤੀ ਤੇ ਸੀ, ਮੈਂ ਸੋਚਿਆ ਕਿ ਖ਼ੂਨ ਕਰਨਾ, ਚੋਰੀ ਕਰਨਾ ਹੀ ਪਾਪ ਹੈ ਅਤੇ ਇਸ ਕਰਕੇ ਮੈਂ ਤੇਰੇ ਕੋਲ ਆਉਣਾ ਨਾ ਚਾਹਿਆ।"**

**ਜ਼ਬੂਰ** 9:17

**" ਦੁਸ਼ਟ ਪਤਾਲ ਵਿੱਚ ਮੁੜ ਜਾਣਗੇ, ਉਹ ਸਾਰੀਆਂ ਕੌਮਾਂ ਜਿਹੜੀਆਂ ਪ੍ਰਮੇਸ਼ਵਰ ਨੂੰ ਵਿਸਾਰ ਦਿੰਦੀਆਂ ਹਨ।"**

ਅੰਦ੍ਰਿਯਾਸ ਨੇ ਬਹੁਤ ਵੱਡੀ ਭੁੱਲ ਕੀਤੀ ਕਿ ਉਸਨੇ ਪਾਪਾਂ ਦੀ ਵੰਡ ਕੀਤੀ ਜਿਵੇਂ ਕਿ ਅੱਜ ਵੀ ਬਹੁਤ ਸਾਰੇ ਲੋਕ ਕਰ ਰਹੇ ਹਨ। ਜਦੋਂ ਕਿ ਪਵਿੱਤਰ ਸ਼ਾਸਤਰ ਬੜੇ ਸਾਫ ਸ਼ਬਦਾਂ ਵਿੱਚ ਕਹਿੰਦਾ ਹੈ।

**ਰੋਮੀਆਂ** 6:23

**"ਪਾਪ ਦੀ ਮਜ਼ਦੂਰੀ ਤਾਂ ਮੌਤ ਹੈ ਪਰ ਪਰਮੇਸ਼ਵਰ ਦੀ ਬਖਸ਼ੀਸ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ।"**

ਜਦੋਂ ਕਿ ਪਵਿਤ੍ ਸ਼ਾਸਤਰ ਪਾਪ ਬਾਰੇ ਦੱਸਦਾ ਹੈ ਪਰ ਇਹ ਕਦੇ ਵੀ ਪਾਪਾਂ ਨੂੰ ਵੰਡਦਾ ਨਹੀਂ (ਵਰਗੀਕਰਨ ਨਹੀਂ ਕਰਦਾ) ਕਿਉਂਕਿ ਸਾਰੇ ਪਾਪ, ਪਾਪ ਹੀ ਹਨ । **ਅਦ੍ਰਿਯਾਸ ਨੂੰ ਪ੍ਰਭੂ ਯਿਸ ਨੂੰ ਜਾਨਣ ਦਾ ਇਕ ਮੌਕਾ ਮਿਲਿਆ ਸੀ ਪਰ ਉਸਨੇ ਇਸ ਮੌਕੇ ਦਾ ਕੋਈ ਲਾਭ ਨਾ ਉਠਾਇਆ।** ਹੋ ਸਕਦਾ ਹੈ ਕਿ ਉਸ ਕੋਲ ਹਜ਼ਾਰਾਂ ਮੌਕੇ ਆਏ ਹੋਣ ਪਰ ਉਸਨੇ ਪ੍ਰਭੂ ਨੂੰ ਜਾਨਣਾ ਹੀ ਨਾ ਚਾਹਿਆ। ਇਸ ਕਾਰਨ ਕਰਕੇ ਉਹ ਇਥੇ ਸੀ। ਇੱਕ ਵੱਡੇ ਅੱਗ ਦੇ ਕੰਬਲ ਨੇ ਉਸਨੂੰ ਢੱਕ ਲਿਆ ਫੇਰ ਅਸੀਂ ਉਸਨੂੰ ਵੇਖ ਨਾ ਸਕੇ।

ਅਸੀਂ ਪ੍ਰਭੂ ਜੀ ਨਾਲ ਅੱਗੇ ਵੱਧਦੇ ਜਾ ਰਹੇ ਸੀ। ਕੁੱਝ ਦੂਰੀ ਤੇ ਕੁੱਝ ਚੀਜ਼ਾਂ ਨੂੰ ਡਿੱਗਦੇ ਵੇਖਿਆ। ਅਸੀਂ ਨੇੜੇ ਜਾ ਕੇ ਵੇਖਿਆ ਕਿ ਇਹ ਲੋਕ ਕੌਣ ਸਨ। ਜੋ ਨਰਕ ਵਿੱਚ ਡਿੱਗ ਰਹੇ ਸਨ। ਇਹ ਉਹ ਲੋਕ ਸਨ ਜਿਨ੍ਹਾਂ ਦੀ ਤਾਜ਼ੀ ਮੌਤ ਹੋਈ ਸੀ। ਉਹਨਾਂ ਨੇ ਆਪਣੇ ਦਿਲ ਵਿੱਚ ਪ੍ਰਭੂ ਯਿਸੂ ਮਸੀਹ ਨੂੰ ਸਵੀਕਾਰ ਨਹੀਂ ਕੀਤਾ ਸੀ। ਉਹ ਹੁਣ ਇਸ ਨਰਕ ਵਿੱਚ ਪਹੁੰਚ ਗਏ ਸਨ।

ਅਸੀਂ ਇੱਕ ਜਵਾਨ ਆਦਮੀ ਵੇਖਿਆ। ਉਸਦੇ ਸਰੀਰ ਨੂੰ ਨਾਸ਼ ਕਰਨ ਦੇ ਲਈ ਦੁਸ਼ਟ ਆਤਮਾਵਾਂ ਦੌੜੀਆਂ। **ਫਟਾਫਟ ਉਸਦਾ ਸਰੀਰ ਕੀੜਿਆਂ ਨਾਲ ਭਰਨ ਲੱਗਾ। ਉਹ ਚਿਲਾਇਆ, "ਨਹੀਂ। ਇਹ ਕੀ ਹੈ? ਰੁੱਕ ਜਾਓ। ਮੈਂ ਇਸ ਜਗ੍ਹਾ ਤੇ ਰਹਿਣਾ ਨਹੀਂ ਚਾਹੁੰਦਾ ਇਸਨੂੰ ਰੋਕੋ !** ਇਹ ਜ਼ਰੂਰ ਕੋਈ ਗੁਫ਼ਾ ਹੈ। ਮੈਨੂੰ ਇਸ ਜਗ੍ਹਾ ਵਿਚੋਂ ਕੱਢ ਲਵੋ।" ਉਸਨੂੰ ਇਹ ਵੀ ਪਤਾ ਨਹੀਂ ਲੱਗਾ ਕਿ ਉਹ ਮਰ ਚੁੱਕਾ ਹੈ। ਉਹ ਪ੍ਰਭੂ ਯਿਸੂ ਮਸੀਹ ਨੂੰ ਸਵੀਕਾਰ ਕਰਨ ਤੋਂ ਬਿਨਾਂ ਮਰਿਆ ਹੈ। ਦੁਸ਼ਟ ਆਤਮਾਵਾਂ ਉਸਦਾ ਮਜ਼ਾਕ ਉਡਾ ਰਹੀਆਂ ਸਨ ਤੇ ਉਸਦੇ ਸਰੀਰ ਨੂੰ ਤਸੀਹੇ ਦੇ ਰਹੀਆਂ ਸਨ। **666 ਅੰਕ ਉਸਦੇ ਮੱਥੇ ਤੇ ਉੱਭਰ ਆਇਆ ਤੇ ਇੱਕ ਧਾਤੂ ਦੀ ਪਲੇਟ ਵੀ ਉਸਦੀ ਛਾਤੀ ਤੇ ਲੱਗ ਗਈ।** ਅਸੀਂ ਉਸਦੇ ਨਰਕ ਵਿੱਚ ਆਉਣ ਦਾ ਕਾਰਨ ਤਾਂ ਨਾ ਜਾਣ ਸਕੇ ਪਰ ਇੱਕ ਗੱਲ ਜ਼ਰੂਰ ਜਾਣਦੇ ਸੀ ਕਿ ਹੁਣ ਉਹ ਇਥੋਂ

ਕਦੇ ਵੀ ਬਾਹਰ ਨਹੀਂ ਨਿਕਲ ਸਕਦਾ ਸੀ। **ਪ੍ਰਭੂ ਜੀ ਨੇ ਸਾਨੂੰ ਦੱਸਿਆ ਕਿ ਨਰਕ ਵਿੱਚ ਆਦਮੀਆਂ ਦੇ ਤਸੀਹੀਆਂ ਦੀ ਸਜ਼ਾ ਨਿਆਂ ਵਾਲੇ ਦਿਨ ਮਗਰੋਂ ਹੋਰ ਵੀ ਵੱਧ ਜਾਵੇਗੀ। ਜੇਕਰ ਉਹ ਹੁਣ ਇੰਨੇ ਤਸੀਹੇ ਝੱਲ ਰਹੇ ਹਨ ਤਾਂ ਮੈਂ ਅਨੁਮਾਨ ਨਹੀਂ ਲੱਗਾ ਸਕਦਾ ਕਿ ਨਿਆਂ ਵਾਲੇ ਦਿਨ ਤੋਂ ਬਾਅਦ ਇਹਨਾਂ ਦਾ ਦੁੱਖ ਕਿੰਨਾ ਹੋਵੇਗਾ।**

ਅਸੀਂ ਉਥੇ ਬੱਚੇ ਨਹੀਂ ਵੇਖੇ। ਅਸੀਂ ਉਥੇ ਵੱਖ ਵੱਖ ਦੇਸ਼ਾਂ ਦੇ ਬਹੁਤ ਸਾਰੇ ਜਵਾਨ ਆਦਮੀ ਅਤੇ ਔਰਤਾਂ ਵੇਖੀਆਂ। ਨਰਕ ਵਿੱਚ ਕਿਸੇ ਵੀ ਤਰ੍ਹਾਂ ਦਾ ਜਾਤੀਵਾਦ, ਉਚ ਨੀਚ ਜਾਂ ਸਮਾਜਿਕ ਪੱਧਰ ਨਹੀਂ ਹੈ। ਇਥੇ ਤਾਂ ਸਾਰੇ ਸਜ਼ਾ ਹੀ ਭੋਗਣ ਆਉਂਦੇ ਹਨ। ਇਥੇ ਹਰੇਕ ਇਨਸਾਨ ਇਕੋ ਹੀ ਗੱਲ ਕਹਿੰਦਾ ਹੈ ਮੈਨੂੰ ਘੱਟੋ-ਘੱਟ ਇੱਕ ਸੈਕਿੰਡ ਦਾ ਮੌਕਾ ਬਾਹਰ ਜਾਣ ਲਈ ਦਿੱਤਾ ਜਾਵੇ। ਇਹ ਵੀ ਕਹਿੰਦਾ ਹੈ ਕਿ ਉਹਨਾਂ ਨੂੰ ਇੱਕ ਤੁੱਬਕਾ ਪਾਣੀ ਦਾ ਪੀਣ ਲਈ ਮਿਲ ਜਾਵੇ।

**ਲੂਕਾ 16:24**

**"ਤਾਂ ਉਸਨੇ ਅਵਾਜ਼ ਮਾਰ ਕੇ ਕਿਹਾ, ਹੇ ਪਿਤਾ ਅਬਰਾਹਾਮ ਮੇਰੇ ਉੱਤੇ ਦਯਾ ਕਰ ਅਤੇ ਲਾਜ਼ਰ ਨੂੰ ਘੱਲ ਜੋ ਆਪਣੀ ਉਂਗਲ ਦਾ ਪੋਟਾ ਪਾਣੀ ਵਿੱਚ ਡੁਬੋ ਕੇ ਮੇਰੀ ਜੀਭ ਠੰਡੀ ਕਰੇ ਕਿਉਂ ਜੋ ਮੈਂ ਇਸ ਲੰਬ ਵਿੱਚ ਕਲਪਦਾ ਹਾਂ!"**

* ਇਹ ਇਥੇ ਸੰਭਵ ਨਹੀਂ ਹੈ। ਉਹਨਾਂ ਨੇ ਆਪਣੀ ਸਦੀਪਕ ਤਾਈ ਨੂੰ ਚੁਣ ਲਿਆ ਹੈ, ਅਤੇ ਉਹ ਹਮੇਸ਼ਾ ਪ੍ਰਭੂ ਤੋਂ ਬਿਨਾ ਇਥੇ ਸਮਾਂ ਗੁਜ਼ਾਰਨਗੇ। ਪਰਮੇਸ਼ਵਰ ਕਿਸੇ ਨੂੰ ਨਰਕ ਵਿੱਚ ਨਹੀਂ ਘੱਲਦਾ। ਹਰੇਕ ਇਨਸਾਨ ਆਪਣੀਆਂ ਕਰਨੀਆਂ ਦੇ ਅਨੁਸਾਰ ਇਥੇ ਪਹੁੰਚ ਜਾਂਦਾ ਹੈ।

**ਗਲਾਤੀਆਂ 6:7**

**"ਤੁਸੀਂ ਧੋਖਾ ਨਾ ਖਾਓ, ਪਰਮੇਸ਼ਵਰ ਠੱਠਿਆਂ ਵਿੱਚ ਨਹੀਂ ਉਡਾਈਦਾ। ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਵੀ।"**

**ਅੱਜ ਤੁਹਾਡੇ ਕੋਲ ਤੁਹਾਡੀ ਆਪਣੀ ਸਦੀਪਕਤਾਈ ਚੁਣਨ ਦਾ ਮੌਕਾ ਹੈ। ਪ੍ਰਭੂ ਯਿਸੂ ਮਸੀਹ ਅੱਜ ਵੀ ਉਪਲੱਬਧ ਹੈ, ਅਤੇ ਪ੍ਰਭੂ ਦਾ ਵਚਨ ਦੱਸਦਾ ਹੈ। ਜਿੰਨਾਂ ਚਿਰ ਅਸੀਂ ਸਰੀਰ ਵਿੱਚ ਜੀਵਤ ਹਾਂ ਉਨੀ ਦੇਰ ਸਾਡੀ ਉਮੀਦ ਹੈ। ਅਜੇ ਤੁਹਾਡੇ ਕੋਲ ਜੀਵਨ ਹੈ। ਇਸ ਮੌਕੇ ਨੂੰ ਵਿਅਰਥ ਨਾ ਗੁਵਾਓ। ਇਹ ਤੁਹਾਡਾ ਅਖੀਰਲਾ ਮੌਕਾ ਵੀ ਹੋ ਸਕਦਾ ਹੈ।**

ਪ੍ਰਭੂ ਤੁਹਾਨੂੰ ਬਰਕਰਤ ਦੇਵੇ।

# ਸਵਰਗ ਦਾ ਪ੍ਰਕਾਸ਼

## ਗਵਾਹੀ 1 ਏਸਾਓ

**2 ਕੁਰੰਥੀਆਂ 12 :2**

**"ਮੈਂ ਮਸੀਹ ਵਿੱਚ ਇੱਕ ਮਨੁੱਖ ਨੂੰ ਜਾਣਦਾ ਹਾਂ ਜਿਹੜਾ ਚੌਦਾਂ ਵਰ੍ਹੇ ਬੀਤੇ ਕੀ ਸਰੀਰ ਸਹਿਤ ਮੈਂ ਨਹੀਂ ਜਾਣਦਾ, ਕੀ ਸਰੀਰ ਰਹਿਤ ਮੈਂ ਨਹੀਂ ਜਾਣਦਾ, - ਪਰਮੇਸ਼ਵਰ ਜਾਣੇ! ਅਜਿਹਾ ਮਨੁੱਖ ਤੀਜੇ ਅਕਾਸ਼ ਉੱਤੇ ਅਚਾਨਕ ਖਿਚਿਆ ਗਿਆ।**

ਅਸੀਂ ਕਮਰੇ ਵਿੱਚ ਸੀ ਜਦੋਂ ਸਾਨੂੰ ਪਹਿਲੀ ਵਾਰ ਮਹਿਸੂਸ ਹੋਇਆ। ਕਮਰਾ ਪ੍ਰਭੂ ਦੀ ਹਜ਼ੂਰੀ ਨਾਲ ਦੁਬਾਰਾ ਪ੍ਰਕਾਸ਼ ਨਾਲ ਭਰਨ ਲੱਗਾ। ਏਹ ਏਨਾ ਜ਼ਬਰਦਸਤ ਸੀ ਕਿ ਸਾਰਾ ਕਮਰਾ ਪ੍ਰਕਾਸ਼ ਨਾਲ ਭਰ ਗਿਆ। ਸਾਰਾ ਕਮਰਾ ਉਸਦੀ ਮਹਿਮਾ ਨਾਲ ਭਰ ਗਿਆ। ਉਸਦੇ ਸਾਮ੍ਹਣੇ ਖੜੇ ਹੋਣਾ ਬਹੁਤ ਹੀ ਔਖੀ ਗੱਲ ਸੀ।

**ਪ੍ਰਭੂ ਜੀ ਨੇ ਦੱਸਿਆ "ਮੇਰੇ ਬੱਚਿਓ, ਹੁਣ ਮੈਂ ਤੁਹਾਨੂੰ ਆਪਣੇ ਰਾਜ ਨੂੰ ਵਿਖਾਵਾਂਗਾ ਅਤੇ ਹੁਣ ਅਸੀਂ ਉਸ ਰਾਜ ਦੀ ਮਹਿਮਾ ਵਿੱਚ ਜਾਵਾਂਗੇ।"**

ਅਸੀਂ ਇੱਕ ਦੂਸਰੇ ਦਾ ਹੱਥ ਫੜ ਲਿਆ ਤੇ ਉਪਰ ਨੂੰ ਉਠਾਏ ਗਏ। ਮੈਂ ਹੇਠਾਂ ਵੱਲ ਵੇਖਦੇ ਹੋਏ ਧਿਆਨ ਦਿੱਤਾ ਕਿ ਅਸੀਂ ਆਪਣੇ ਸਰੀਰਾਂ ਵਿੱਚੋਂ ਬਾਹਰ ਨਿਕਲ ਕੇ ਉੱਪਰ ਵੱਲ ਜਾ ਰਹੇ ਸੀ। ਜਿਉਂ ਹੀ ਅਸੀਂ ਆਪਣੇ ਸਰੀਰਾਂ ਨੂੰ ਛੱਡਿਆ ਤਾਂ ਸਾਨੂੰ ਪਹਿਨਣ ਲਈ ਚਿੱਟੇ ਬਸਤਰ ਦਿੱਤੇ ਗਏ। ਅਸੀਂ ਤੇਜ਼ ਰਫਤਾਰ ਨਾਲ ਉੱਪਰ ਜਾਣਾ ਸ਼ੁਰੂ ਕਰ ਦਿੱਤਾ।

ਅਸੀਂ ਇੱਕ ਦਰਵਾਜ਼ੇ ਦੇ ਸਾਮ੍ਹਣੇ ਆ ਕੇ ਖੜੇ ਹੋ ਗਏ ਜਿਹੜਾ ਸੁਰਗ ਦਾ ਪ੍ਰਵੇਸ਼ ਦੁਆਰ (ਦਰਵਾਜ਼ਾ) ਸੀ। ਜੋ ਕੁੱਝ ਵੀ ਹੋ ਰਿਹਾ ਸੀ ਅਸੀਂ ਉਸ ਨੂੰ ਵੇਖ ਕੇ ਬਹੁਤ ਹੈਰਾਨ ਹੋਏ। ਪਰਮੇਸ਼ਵਰ ਦਾ ਧੰਨਵਾਦ ਹੈ, ਪ੍ਰਭੂ ਯਿਸੂ ਮਸੀਹ ਸਾਡੇ ਨਾਲ ਸੀ। ਉਸ ਦੇ ਦੋ ਦੂਤ ਵੀ ਸਾਡੇ ਨਾਲ ਸਨ, ਜਿੰਨ੍ਹਾਂ ਦੇ ਚਾਰ ਪਰ ਸਨ।

ਦੂਤਾਂ ਨੇ ਸਾਡੇ ਨਾਲ ਗੱਲਬਾਤ ਕਰਨੀ ਸ਼ੁਰੂ ਕੀਤੀ ਪਰ ਅਸੀਂ ਉਹਨਾਂ ਦੀ ਬੋਲੀ ਨਾ ਸਮਝ ਸਕੇ – ਉਹ ਕੀ ਕਹਿ ਰਹੇ ਹਨ। ਉਹਨਾਂ ਦੀ ਬੋਲੀ ਧਰਤੀ ਦੀ ਕਿਸੇ ਵੀ ਬੋਲੀ ਨਾਲ ਮਿਲਦੀ ਨਹੀਂ ਸੀ। ਇਹ ਦੂਤ ਸਾਡਾ ਜੀ ਆਇਆਂ ਕਹਿ ਰਹੇ ਸਨ। ਉਹਨਾਂ ਨੇ ਸਾਡੇ ਲਈ ਬਹੁਤ ਵੱਡਾ ਦਰਵਾਜ਼ਾ ਖੋਲ ਦਿੱਤਾ। ਅਸੀਂ ਇੱਕ ਅਦਭੁੱਤ ਜਗ੍ਹਾ ਵੇਖੀ ਜਿਸ ਵਿੱਚ ਬਹੁਤ ਸਾਰੀਆਂ ਚੀਜ਼ਾਂ ਸਨ। ਜਦੋਂ ਅਸੀਂ ਉਸ ਵਿੱਚ ਦਾਖਿਲ ਹੋਏ ਤਾਂ ਸਾਡਾ ਹਿਰਦਾ ਸੰਪੂਰਨ ਸ਼ਾਂਤੀ ਨਾਲ ਭਰਨ ਲੱਗਾ।

**ਫਿਲਪੀਆਂ 4:7**

**"ਅਤੇ ਪਰਮੇਸ਼ਵਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ।"**

ਪਹਿਲੀ ਚੀਜ਼ ਮੈਂ ਇੱਕ ਹਿਰਨ ਵੇਖਿਆ। ਮੈਂ ਆਪਣੇ ਦੋਸਤਾਂ ਨੂੰ ਪੁਛਿਆ, "ਸਾਂਧਰਾ ਕੀ ਤੂੰ ਉਹ ਚੀਜ਼ ਵੇਖਦੀ ਹੈਂ ਜੋ ਮੈਂ ਵੇਖ ਰਿਹਾ ਹਾਂ?" ਸਾਂਧਰਾ ਇਥੇ ਚਿੱਲਾ ਨਹੀਂ ਰਹੀ ਸੀ ਜਿਵੇਂ ਨਰਕ ਵਿੱਚ ਚੀਕਾਂ ਸੁਣ ਕੇ ਚਿੱਲਾ ਰਹੀ ਸੀ। ਉਸ ਨੇ ਮੁਸਕਰਾਉਂਦੀ ਹੋਈ ਕਿਹਾ "ਹਾਂ ਏਸਾਓ, ਮੈਂ ਉਹ ਹਿਰਨ ਨੂੰ ਵੇਖ ਰਹੀ ਹਾਂ। ਇਥੇ ਹਰੇਕ ਚੀਜ਼ ਆਪਣੀ ਹੈ। ਨਰਕ ਵਿੱਚ ਵੇਖੇ ਗਏ ਸਾਰੇ ਡਰਾਉਣੇ ਨਜ਼ਾਰੇ ਹੁਣ ਸਾਨੂੰ ਭੁੱਲ ਗਏ ਸੀ। ਅਸੀਂ ਪਰਮੇਸ਼ਵਰ ਦੀ ਮਹਿਮਾ ਦਾ ਅਨੰਦ ਮਾਣ ਰਹੇ ਸੀ। ਅਸੀਂ ਹਿਰਨ ਵਾਲੀ ਜਗ੍ਹਾ ਤੇ ਪਹੁੰਚੇ। ਇਸ ਦੇ ਪਿੱਛੇ ਬਹੁਤ ਵੱਡਾ ਰੁੱਖ ਸੀ। ਇਹ ਸਵਰਗ ਦੇ ਵਿਚਕਾਰ ਸੀ।

**ਪ੍ਰਕਾਸ਼ ਦੀ ਪੋਥੀ 2:7**

**"ਜਿਹਦੇ ਕੰਨ ਹਨ ਸੋ ਸੁਣੇ ਭਈ ਆਤਮਾ ਕਲੀਸਿਆ ਨੂੰ ਕੀ ਆਖਦਾ ਹੈ। ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਮੈਂ ਜੀਵਨ ਦੇ ਬਿਰਛ ਵਿੱਚੋਂ ਜੋ ਪਰਮੇਸ਼ਵਰ ਦੇ ਫਿਰਦੌਸ ਵਿੱਚ ਹੈ ਖਾਣ ਲਈ ਦਿਆਂਗਾ।"**

**ਇਹ ਰੁੱਖ ਪ੍ਰਭੂ ਯਿਸੂ ਮਸੀਹ ਦਾ ਚਿੰਨ੍ਹ ਹੈ, ਕਿਉਂਕਿ ਪ੍ਰਭੂ ਯਿਸੂ ਮਸੀਹ ਆਪ ਹੀ ਅਨੰਤ ਜੀਵਨ ਹੈ। ਇਸ ਦਰੱਖਤ ਦੇ ਪਿਛਲੇ ਪਾਸੇ ਅਮ੍ਰਿਤ ਜਲ ਦੀ ਨਦੀ ਵੱਗ ਰਹੀ ਸੀ।** ਇਹ ਬਹੁਤ ਸ਼ੁੱਧ ਤੇ ਸੁੰਦਰ ਸੀ ਜਿਸ ਵਰਗੀ ਅਸੀਂ ਧਰਤੀ ਤੇ ਕੋਈ ਵੀ ਨਦੀ ਨਹੀਂ ਵੇਖੀ। ਅਸੀਂ ਉਸ ਜਗ੍ਹਾ ਤੇ ਠਹਿਰਨਾ ਚਾਹਿਆ। **ਬਹੁਤ ਵਾਰੀ ਅਸੀਂ ਪ੍ਰਭੂ ਜੀ ਨੂੰ ਕਿਹਾ, "ਪ੍ਰਭੂ ਜੀ ਮੇਹਰਬਾਨੀ ਕਰਕੇ ਸਾਨੂੰ ਇਥੋਂ ਬਾਹਰ ਨਾ ਲੈ ਕੇ ਜਾਵੋ, ਅਸੀਂ ਇਥੇ ਹਮੇਸ਼ਾ ਰਹਿਣਾ ਚਾਹੁੰਦੇ ਹਾਂ,** ਅਸੀਂ ਧਰਤੀ ਤੇ ਵਾਪਿਸ ਨਹੀਂ ਜਾਣਾ ਚਾਹੁੰਦੇ।" ਪ੍ਰਭੂ ਜੀ ਨੇ ਸਾਨੂੰ ਉੱਤਰ ਦਿੱਤਾ, **"ਇਹ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਵਾਪਿਸ ਜਾ ਕੇ ਇਹਨਾਂ ਚੀਜ਼ਾਂ ਦੀ ਗਵਾਹੀ ਦੇਵੋ ਜਿਹੜੀਆਂ ਚੀਜ਼ਾਂ ਮੈਂ ਆਪਣੇ ਪਿਆਰ ਕਰਨ ਵਾਲਿਆਂ ਲਈ ਤਿਆਰ ਕੀਤੀਆਂ ਹਨ। ਕਿਉਂਕਿ ਮੈਂ ਛੇਤੀ ਆ ਰਿਹਾ ਹਾਂ ਮੇਰਾ ਇਨਾਮ ਮੇਰੇ ਕੋਲ ਹੈ।"**

ਜਦੋਂ ਅਸੀਂ ਨਦੀ ਨੂੰ ਵੇਖਿਆ ਤਾਂ ਉਸ ਵਿੱਚ ਛੇਤੀ ਵੜ ਗਏ। ਅਸੀਂ ਪਵਿੱਤਰ ਆਤਮਾ ਦੀਆਂ ਲਿਖਤਾਂ ਨੂੰ ਯਾਦ ਕੀਤਾ – ਜਿਹੜੀਆਂ ਇਸ ਤਰ੍ਹਾਂ ਹਨ **ਜਿਹੜੇ ਪਰਮੇਸ਼ਵਰ ਤੇ ਵਿਸ਼ਵਾਸ ਕਰਦੇ ਹਨ ਉਹਨਾਂ ਵਿੱਚੋਂ ਅਮ੍ਰਿਤ ਜਲ ਦੀਆਂ ਨਦੀਆਂ ਵਗ ਉਠਣਗੀਆਂ**

**ਯਹੂੰਨਾ 7:38**

**"ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹਦੇ ਅੰਦਰੋਂ ਵਗਣਗੀਆਂ !। "**

ਇਸ ਨਦੀ ਦੇ ਪਾਣੀ ਵਿੱਚ ਜੀਵਨ ਸਮਾਇਆ ਹੋਇਆ ਸੀ, ਤਦ ਅਸੀਂ ਇਸ ਵਿੱਚ ਡੁੱਬਕੀ ਲਗਾਈ। ਅਸੀਂ ਇਸ ਅੰਦਰ ਬਾਰ ਬਾਰ ਸਾਹ ਲੈ ਰਹੇ ਸੀ। ਇਹ ਨਦੀ ਬਹੁਤ ਡੂੰਘੀ ਸੀ ਤੇ ਭਿੰਨ ਭਿੰਨ ਕਿਸਮ ਦੀਆਂ ਮੱਛੀਆਂ ਇਸ ਵਿੱਚ ਤੈਰਦੀਆਂ ਸਨ। ਇਸ ਨਦੀ ਦੇ ਅੰਦਰ ਤੇ ਬਾਹਰ ਇੱਕੋ ਜਿਹਾ ਪ੍ਰਕਾਸ਼ ਸੀ। ਸੁਰਗ ਵਿੱਚ ਪ੍ਰਕਾਸ਼ ਕਿਸੇ ਖਾਸ ਸਰੋਤ ਤੋਂ ਪ੍ਰਾਪਤ ਨਹੀਂ ਹੁੰਦਾ, ਬਲਕਿ ਹਰੇਕ ਚੀਜ਼ ਆਪਣੇ ਹੀ ਪ੍ਰਕਾਸ਼ ਨਾਲ ਚਮਕਦੀ ਹੈ।

**ਪ੍ਰਕਾਸ਼ ਦੀ ਪੋਥੀ 21: 23**

**"ਅਤੇ ਓਸ ਨਗਰੀ ਨੂੰ ਸੂਰਜ ਦੀ ਕੁਝ ਲੋੜ ਨਹੀਂ, ਨਾ ਚੰਦਰਮਾ ਦੀ ਭਈ ਓਹ ਉਸ ਉੱਤੇ ਚਮਕਣ ਕਿਉਂ ਜੋ ਪਰਮੇਸ਼ਵਰ ਦੇ ਤੇਜ ਨੇ ਉਹ ਨੂੰ ਚਾਨਣ ਕੀਤਾ ਅਤੇ ਲੇਲਾ ਉਹ ਦੀ ਜੋਤ ਹੈ।"**

**ਪ੍ਰਭੂ ਯਿਸੂ ਹੀ ਉਸ ਸ਼ਹਿਰ ਦੀ ਰੋਸ਼ਨੀ ਦਾ ਸਰੋਤ ਹੈ।** ਅਸੀਂ ਮੱਛੀਆਂ ਨੂੰ ਪਾਣੀ ਵਿਚੋਂ ਬਾਹਰ ਕੱਢ ਲਿਆ, ਇਹ ਮਰੀਆਂ ਨਹੀਂ। ਤਦ ਅਸੀਂ ਪ੍ਰਭੂ ਜੀ ਕੋਲ ਦੌੜੇ ਅਤੇ ਜਾ ਕੇ ਪੁਛਿਆ ਇਹ ਇਸ ਤਰ੍ਹਾਂ ਕਿਉਂ ਹੈ? ਪ੍ਰਭੂ ਜੀ ਨੇ ਕਿਹਾ – ਸਵਰਗ ਵਿੱਚ ਕੋਈ ਮੌਤ ਨਹੀਂ ਹੁੰਦੀ, ਨਾ ਹੀ ਕੋਈ ਦਰਦ ਤੇ ਚਿਲਾਉਣਾ ਹੈ।

**ਪ੍ਰਕਾਸ਼ ਦੀ ਪੋਥੀ 21:4**

**"ਅਤੇ ਉਹ ਉਹਨਾਂ ਦੀਆਂ ਅੱਖੀਆਂ ਤੋਂ ਹਰੇਕ ਅੰਝੂ ਪੂੰਝੇਗਾ ਅਤੇ ਹੁਣ ਅਗਾਹਾਂ ਨੂੰ ਮੌਤ ਨਾ ਹੋਵੇਗੀ, ਨਾ ਅਗਾਹਾਂ ਨੂੰ ਸੋਗ ਨਾ ਰੋਣਾ ਨਾ ਦੁੱਖ ਹੋਵੇਗਾ।"**

ਅਸੀਂ ਨਦੀ ਨੂੰ ਛੱਡ ਕੇ ਹੋਰ ਜਗ੍ਹਾ ਵੱਲ ਦੌੜਨਾ ਸ਼ੁਰੂ ਕਰ ਦਿੱਤਾ। ਅਸੀਂ ਹਰੇਕ ਚੀਜ਼ ਨੂੰ ਛੂਹ ਕੇ ਮਹਿਸੂਸ ਕਰਨਾ ਚਾਹੁੰਦੇ ਸੀ।

ਉਸ ਜਗ੍ਹਾ ਤੋਂ ਬਹੁਤ ਸਾਰੀਆਂ ਚੀਜ਼ਾਂ ਅਸੀਂ ਧਰਤੀ ਤੇ ਲਿਆਉਣਾ ਚਾਹੁੰਦੇ ਸੀ, ਜਿਨ੍ਹਾਂ ਨੂੰ ਅਸੀਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ। ਜਦੋਂ ਰਸੂਲ ਪੌਲੁਸ ਨੂੰ ਅਸਮਾਨ ਤੇ ਉੱਠਾ ਲਿਆ ਗਿਆ ਤਾਂ ਉਸ ਨੇ ਵੀ ਇਹ ਹੀ ਚੀਜ਼ਾਂ ਵੇਖੀਆਂ ਪਰ ਸ਼ਬਦਾਂ ਵਿੱਚ ਇਹਨਾਂ ਦੀ ਮਹਾਨਤਾ ਨੂੰ ਬਿਆਨ ਨਾ ਕਰ ਸਕਿਆ।

**2 ਕੁਰਿੰਥੀਆਂ 2:12**

**"ਜਾਂ ਮੈਂ ਮਸੀਹ ਦੀ ਖੁਸ਼ ਖਬਰੀ ਸੁਣਾਉਣ ਨੂੰ ਤ੍ਰੋਆਸ ਵਿੱਚ ਅੱਪੜਿਆ ਅਤੇ ਪ੍ਰਭੂ ਦੀ ਵਲੋਂ ਇੱਕ ਇਕ ਬੂਹਾ ਮੇਰੇ ਲਈ ਖੋਲ੍ਹਿਆ ਗਿਆ।"**

ਇਹ ਉਹ ਚੀਜ਼ਾਂ ਹਨ ਜਿਨ੍ਹਾਂ ਦੀ ਵਿਆਖਿਆ ਕਿਸੇ ਵੀ ਤਰੀਕੇ ਦੁਆਰਾ ਨਹੀਂ ਕੀਤੀ ਜਾ ਸਕਦੀ।

* ਤਦ ਅਸੀਂ ਇੱਕ ਬਹੁਤ ਵੱਡੇ ਮੈਦਾਨ ਵਿੱਚ ਆ ਗਏ। ਇਹ ਬਹੁਤ ਸੋਹਣੀ ਤੇ ਅਦਭੁੱਤ ਜਗ੍ਹਾ ਸੀ। ਇਹ ਜਗ੍ਹਾ ਕੀਮਤੀ ਪੱਥਰਾਂ ਨਾਲ ਭਰੀ ਹੋਈ ਸੀ ਜਿਵੇਂ ਕਿ ਸੋਨਾ, ਹੀਰੇ, ਜਵਾਹਰਾਤ। ਇਸ ਦਾ ਫਰਸ਼ ਸੋਨੇ ਦਾ ਬਣਿਆ ਹੋਇਆ ਸੀ। **ਅਸੀਂ ਇਸ ਜਗ੍ਹਾ ਤੇ ਗਏ ਜਿਥੇ ਤਿੰਨ ਕਿਤਾਬਾਂ ਪਈਆਂ ਸਨ।**

ਪਹਿਲੀ ਕਿਤਾਬ ਬਾਈਬਲ ਜਿਹੜੀ ਪੂਰੀ ਸੋਨੇ ਨਾਲ ਬਣੀ ਹੋਈ ਸੀ ਜਿਵੇਂ ਕਿ ਜ਼ਬੂਰ ਲਿਖਣ ਵਾਲਾ ਕਹਿੰਦਾ ਹੈ ਕਿ ਪਰਮੇਸ਼ਵਰ ਦਾ ਵਚਨ ਅਨੰਤ ਹੈ ਇਹ ਸੁਰਗ ਵਿੱਚ ਹਮੇਸ਼ਾ ਰਹਿੰਦਾ ਹੈ।

**ਜ਼ਬੂਰ 119:89**

**"ਹੇ ਯਹੋਵਾਹ, ਸਦਾ ਤੀਕ ਤੇਰਾ ਬਚਨ ਅਕਾਸ਼ ਉੱਤੇ ਇਸਥਿਰ ਹੈ !"**

ਅਸੀਂ ਇੱਕ ਬਹੁਤ ਵੱਡੀ ਸੋਨੇ ਦੀ ਬਾਈਬਲ ਵੱਲ ਵੇਖ ਰਹੇ ਸੀ ਇਸ ਦੀਆਂ ਲਿਖਤਾਂ ਸ਼ੁਧ ਸੋਨੇ ਦੀਆਂ ਸਨ।

* ਦੂਜੀ ਕਿਤਾਬ ਜਿਹੜੀ ਅਸੀਂ ਵੇਖੀ ਪਵਿੱਤਰ ਸ਼ਾਸਤਰ ਬਾਈਬਲ ਨਾਲੋਂ ਵੱਡੀ ਸੀ। ਇਹ ਖੋਲੀ ਹੋਈ ਸੀ ਅਤੇ ਇੱਕ ਦੂਤ ਇਸ ਵਿੱਚ ਲਿਖ ਰਿਹਾ ਸੀ। ਅਸੀਂ ਸਾਰੇ ਪ੍ਰਭੂ ਯਿਸੂ ਮਸੀਹ ਨਾਲ ਇੱਕਠੇ ਹੋ ਕੇ ਗਏ ਕਿ ਵੇਖੀਏ ਕਿ ਉਹ ਦੂਤ ਕੀ ਲਿਖ ਰਿਹਾ ਹੈ। ਦੂਤ ਸਭ ਕੁਝ ਲਿਖ ਰਿਹਾ ਸੀ, ਜੋ ਧਰਤੀ ਤੇ ਵਾਪਰ ਰਿਹਾ ਸੀ। ਹਰ ਇੱਕ ਚੀਜ਼ ਜੋ ਧਰਤੀ ਤੇ ਵਾਪਰੀ ਸੀ, **ਉਸਦਾ ਪੂਰਾ ਹਿਸਾਬ, ਤਾਰੀਖ, ਦਿਨ, ਘੰਟੇ, ਮਿੰਟ, ਸੈਕਿੰਡ ਦਾ ਵੀ ਹਿਸਾਬ ਲਿਖਿਆ ਜਾ ਰਿਹਾ ਸੀ।** ਜਿਹੜਾ ਕੀ ਆਖਦਾ ਹੈ, ਕਿਤਾਬਾਂ ਖੋਲ੍ਹੀਆਂ ਗਈਆਂ ਅਤੇ ਧਰਤੀ ਦੇ ਲੋਕਾਂ ਦਾ ਉਹਨਾਂ ਦੇ ਕੰਮਾਂ ਦੇ ਅਨੁਸਾਰ ਨਿਆਂ ਕੀਤਾ ਗਿਆ, ਜੋ ਇਸ ਕਿਤਾਬ ਵਿੱਚ ਲਿਖੇ ਹੋਏ ਸਨ। ਲੋਕ ਧਰਤੀ ਤੇ ਜੋ ਕੁਝ ਕਰਦੇ ਸਨ ਉਹ ਦੂਤ ਇਸ ਕਿਤਾਬ ਵਿੱਚ ਲਿਖਦਾ ਜਾ ਰਿਹਾ ਸੀ।

**ਪ੍ਰਕਾਸ਼ ਦੀ ਪੋਥੀ 20:12**

**"ਅਤੇ ਮੈਂ ਮੁਰਦਿਆਂ ਨੂੰ ਕੀ ਵੱਡੇ ਕੀ ਛੋਟੇ ਸਿੰਘਾਸਣ ਦੇ ਅੱਗੇ ਖਲੋਤਿਆ ਵੇਖਿਆ, ਅਤੇ ਪੋਥੀਆਂ ਖੋਲ੍ਹੀਆਂ ਗਈਆਂ ਅਤੇ ਇੱਕ ਹੋਰ ਪੋਥੀ ਜਿਹੜੀ ਜੀਵਨ ਦੀ ਪੋਥੀ ਹੈ ਖੋਲ੍ਹੀ ਗਈ ਅਤੇ ਮੁਰਦਿਆਂ ਦਾ ਨਿਆਉਂ ਪੋਥੀਆਂ ਵਿਚ ਲਿਖੀਆਂ ਹੋਈਆਂ ਗੱਲਾਂ ਤੋਂ ਉਹਨਾਂ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਗਿਆ।"**

* ਅਸੀਂ ਉਸ ਜਗ੍ਹਾ ਵੱਲ ਗਏ ਜਿਥੇ ਤੀਜੀ ਕਿਤਾਬ ਪਈ ਹੋਈ ਸੀ। ਇਹ ਕਿਤਾਬ ਪਿਛਲੀਆਂ ਕਿਤਾਬਾਂ ਨਾਲੋਂ ਵੱਡੀ ਸੀ। ਇਹ ਕਿਤਾਬ ਬੰਦ ਸੀ। ਅਸੀਂ ਇਸ ਕਿਤਾਬ ਕੋਲ ਵੀ ਗਏ। ਅਸੀਂ ਪ੍ਰਭੂ ਜੀ ਦੀ ਆਗਿਆ ਨਾਲ ਸੱਤਾਂ ਜਣਿਆਂ ਨੇ ਇਸ ਕਿਤਾਬ ਨੂੰ ਇਸ ਦੇ ਸਟੈਂਡ ਉਪਰੋਂ ਲਾਹਿਆ ਅਤੇ ਇੱਕ ਥੰਮ ਉੱਪਰ ਰੱਖ ਦਿੱਤਾ।

ਸਵਰਗ ਵਿੱਚ ਥੰਮ, ਬੀਮ ਬਹੁਤ ਹੀ ਅਦਭੁੱਤ ਹਨ। ਇਹ ਜਿਸ ਤਰ੍ਹਾਂ ਧਰਤੀ ਤੇ ਬਣਾਏ ਜਾਂਦੇ ਹਨ, ਉਸ ਤਰ੍ਹਾਂ ਦੇ ਨਹੀਂ ਹਨ। ਇਹ ਥੰਮ ਕੀਮਤੀ ਪੱਥਰਾਂ ਨਾਲ ਬਣੇ ਹੋਏ ਸਨ। ਇਹਨਾਂ ਵਿੱਚੋਂ ਕੁੱਝ ਹੀਰਿਆਂ ਦੇ ਕੁਝ ਯਾਕੂਤ ਦੇ ਕੁਝ ਖਾਲਿਸ ਸੋਨੇ ਦੇ ਅਤੇ ਕੁੱਝ ਹੋਰ ਮਿਲੇ ਜੁਲੇ ਪੱਥਰਾਂ ਦੇ ਬਣੇ ਹੋਏ ਸਨ। ਮੈਨੂੰ ਫਿਰ ਸਮਝ ਲੱਗ ਗਈ ਕਿ ਪਰਮੇਸ਼ਵਰ ਇਹਨਾਂ ਦਾ ਸਵਾਮੀ ਹੈ।

**ਹਜੱਈ 2:8**

**"ਚਾਂਦੀ ਮੇਰੀ ਹੈ ਅਤੇ ਸੋਨਾ ਵੀ ਮੇਰਾ ਹੈ, ਯਹੋਵਾਹ ਦਾ ਵਾਕ ਹੈ।"**

ਮੈਨੂੰ ਫੇਰ ਸਮਝ ਆਇਆ ਕਿ ਪਰਮੇਸ਼ਵਰ ਬਹੁਤ ਅਮੀਰ ਹੈ। ਸੰਸਾਰ ਦੀ ਸਾਰੀ ਅਮੀਰੀ ਦਾ ਸਵਾਮੀ ਹੈ। ਮੈਨੂੰ ਫੇਰ ਸਮਝ ਵਿੱਚ ਆਇਆ ਕਿ ਸੰਸਾਰ ਵਿਚਲੀ ਸਾਰੀ ਭਰਪੂਰੀ ਪਰਮੇਸ਼ਵਰ ਦੀ ਹੈ ਅਤੇ ਉਹ ਉਹਨਾਂ ਨੂੰ ਦੇ ਦਿੰਦਾ ਹੈ, ਜਿਹੜੇ ਉਸ ਕੋਲੋਂ ਵਿਸ਼ਵਾਸ ਨਾਲ ਮੰਗਦੇ ਹਨ।

**ਜ਼ਬੂਰ 2:8**

**"ਮੈਥੋਂ ਮੰਗ ਅਤੇ ਮੈਂ ਕੌਮਾਂ ਤੇਰੀ ਮੀਰਾਸ, ਅਤੇ ਧਰਤੀ ਦੇ ਕੰਢੇ ਤੇਰੀ ਮਿਲਖ ਕਰ ਦਿਆਂਗਾ।"**

* ਇਹ ਕਿਤਾਬ ਜਿਹੜੀ ਥੰਮ ਉੱਪਰ ਰੱਖੀ ਗਈ ਸੀ ਏਨੀ ਵੱਡੀ ਸੀ, ਜਿਸ ਦਾ ਇੱਕ ਪੰਨਾ ਪਲਟਣ ਲਈ ਸਾਨੂੰ ਇਹ ਪੰਨਾ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਲੈ ਜਾਣਾ ਪੈਂਦਾ ਸੀ। ਇਸ ਕਿਤਾਬ ਵਿੱਚ ਲਿਖਿਆ ਹੋਇਆ ਪੜ੍ਹਨ ਦੀ ਅਸੀਂ ਕੋਸ਼ਿਸ਼ ਕੀਤੀ, ਜਿਵੇਂ ਕਿ ਪ੍ਰਭੂ ਜੀ ਨੇ ਸਾਡੇ ਕੋਲੋਂ ਪੁੱਛਿਆ। ਪਹਿਲਾਂ ਤਾਂ ਸਾਨੂੰ ਇਹ ਪੜ੍ਹਨ ਵਿੱਚ ਔਖ ਹੋਈ ਕਿਉਂਕਿ ਇਹ ਅਜੀਬ ਸ਼ਬਦਾਂ ਵਿੱਚ ਲਿਖੀ ਹੋਈ ਸੀ, ਜਿਹੜੀ ਅਸੀਂ ਸਮਝ ਨਹੀਂ ਸਕਦੇ ਸੀ। ਇਹ ਧਰਤੀ ਦੀਆਂ ਭਾਸ਼ਾਵਾਂ ਤੋਂ ਵੱਖਰੀ ਸੀ, ਇਹ ਪੂਰੀ ਸਵਰਗੀ ਭਾਸ਼ਾ ਵਿੱਚ ਜਾਪਦੀ ਸੀ ਪਰ ਪਵਿੱਤਰ ਆਤਮਾ ਦੀ ਮਦਦ ਨਾਲ ਸਾਨੂੰ ਇਹ ਪੜ੍ਹਨ ਦੀ ਕ੍ਰਿਪਾ ਦਿੱਤੀ ਗਈ, ਸਾਨੂੰ ਇਸ ਤਰ੍ਹਾਂ ਲੱਗਾ ਜਿਵੇਂ ਸਾਡੀਆਂ ਅੱਖਾਂ ਉਪਰੋਂ ਕਿਸੇ ਨੇ ਪੱਟੀ ਉਤਾਰ ਦਿੱਤੀ। ਫਿਰ ਅਸੀਂ ਇਸ ਭਾਸ਼ਾ ਨੂੰ ਆਪਣੀ ਭਾਸ਼ਾ ਵਾਂਗੂ ਸਾਫ ਪੜ੍ਹਨ ਲੱਗ ਪਏ (ਸਮਝਣ ਲੱਗ ਪਏ)।

**ਅਸੀਂ ਵੇਖਿਆ ਕਿ ਸਾਡੇ ਸੱਤਾਂ ਦੇ ਨਾਂ ਇਸ ਵਿੱਚ ਲਿਖੇ ਹੋਏ ਸਨ। ਪ੍ਰਭੂ ਦੇ ਸਾਨੂੰ ਦੱਸਿਆ ਇਹ ਜੀਵਨ ਦੀ ਪੋਥੀ ਹੈ।**

**ਪ੍ਰਕਾਸ਼ ਦੀ ਪੋਥੀ 3:5**

**"ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਇਸੇ ਪ੍ਰਕਾਰ ਚਿੱਟੇ ਬਸਤਰ ਪਹਿਨਾਏ ਜਾਣਗੇ ਅਤੇ ਮੈਂ ਉਹ ਦਾ ਨਾਂ ਜੀਵਨ ਦੀ ਪੋਥੀ ਵਿੱਚੋਂ ਕਦੇ ਨਾ ਮੇਟਾਂਗਾ ਸਗੋਂ ਮੈਂ ਆਪਣੇ ਪਿਤਾ ਦੇ ਅੱਗੇ ਅਤੇ ਉਹ ਦਿਆਂ ਦੂਤਾਂ ਅੱਗੇ ਉਹ ਦੇ ਨਾਉਂ ਦਾ ਇਕਰਾਰ ਕਰਾਂਗਾ।"**

ਅਸੀਂ ਨੋਟ ਕੀਤਾ ਕਿ ਇਹ ਨਾਂ ਉਹ ਨਹੀਂ ਹਨ ਜਿਹੜੇ ਨਾਂ ਸਾਡੇ ਧਰਤੀ ਤੇ ਸਨ। ਇਹ ਨਾਂ ਨਵੇਂ ਸਨ। ਸੋ ਇਸ ਤਰ੍ਹਾਂ ਪਰਮੇਸ਼ਵਰ ਦਾ ਵਚਨ ਪੂਰਾ ਹੁੰਦਾ ਹੈ, ਜੋ ਕਹਿੰਦਾ ਹੈ ਉਹ ਸਾਨੂੰ ਇੱਕ ਨਵਾਂ ਨਾਂ ਦੇਣਗੇ ਜਿਸ ਨੂੰ ਕੋਈ ਹੋਰ ਨਹੀਂ ਜਾਣ ਸਕਦਾ, ਸਿਵਾਏ ਉਸ ਦੇ ਜਿਸ ਨੂੰ ਇਹ ਦਿੱਤਾ ਗਿਆ ਹੈ।

**ਪ੍ਰਕਾਸ਼ ਦੀ ਪੋਥੀ 2:17**

**"ਜਿਹ ਦੇ ਕੰਨ ਹੋਣ ਸੋ ਸੁਣੇ ਭਈ ਆਤਮਾ ਕਲੀਸਿਆ ਨੂੰ ਕੀ ਆਖਦਾ ਹੈ। ਜਿਹੜਾ ਜਿੱਤਣ ਵਾਲਾ ਹੈ। ਉਹ ਨੂੰ ਮੈਂ ਗੁਪਤ ਮੰਨ ਵਿੱਚੋਂ ਦਿਆਂਗਾ ਅਤੇ ਮੈਂ ਉਹ ਨੂੰ ਇੱਕ ਚਿੱਟਾ ਪੱਥਰ ਦਿਆਂਗਾ ਅਤੇ ਉਸ ਪੱਥਰ ਉਪਰ ਇੱਕ ਨਵਾਂ ਨਾਉਂ ਲਿਖਿਆ ਹੋਇਆ ਹੈ। ਜਿਸ ਨੂੰ ਉਹ ਦੇ ਲੈਣ ਵਾਲੇ ਤੋਂ ਛੁੱਟ ਹੋਰ ਕੋਈ ਨਹੀਂ ਜਾਣਦਾ ਹੈ।"**

ਸਵਰਗ ਵਿੱਚ ਅਸੀਂ ਇਹਨਾਂ ਨਾਵਾਂ ਨੂੰ ਪੁਕਾਰਨ ਦੇ ਯੋਗ ਸੀ ਪਰ ਜਿਉਂ ਹੀ ਅਸੀਂ ਧਰਤੀ ਤੇ ਆਏ ਤਾਂ ਇਹ ਨਾਂ ਪ੍ਰਭੂ ਨੇ ਸਾਡੀਆਂ ਯਾਦਦਾਸ਼ਤਾਂ ਅਤੇ ਦਿਲ ਵਿੱਚੋਂ ਕੱਢ ਲਏ। ਪਰਮੇਸ਼ਵਰ ਦਾ ਵਚਨ ਅਨੰਤ ਹੈ ਅਤੇ ਇਹ ਨੂੰ ਪੂਰਾ ਹੋਣਾ ਹੈ। ਮੇਰੇ ਪਿਆਰੇ ਦੋਸਤੋ ਪਰਮੇਸ਼ਵਰ ਦਾ ਵਚਨ ਕਹਿੰਦਾ ਹੈ।

**ਪ੍ਰਕਾਸ਼ ਦੀ ਪੋਥੀ 3 :11**

**"ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ ਤਕੜਾਈ ਨਾਲ ਫੜੀ ਰੱਖ, ਕਿਤੇ ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ।"**

ਸਵਰਗ ਵਿੱਚ ਕਰੋੜਾਂ ਚੀਜ਼ਾਂ ਅਦਭੁਤ ਹਨ ਜਿਨ੍ਹਾਂ ਨੂੰ ਅਸੀਂ ਆਪਣੇ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ ਪਰ ਮੈਂ ਤੁਹਾਨੂੰ ਕੁਝ ਦੱਸਦਾ ਹਾਂ।

**"ਪਰਮੇਸ਼ਵਰ ਤੁਹਾਡੀ ਇੰਤਜ਼ਾਰ ਕਰ ਰਿਹਾ ਹੈ।"**

ਪਰ ਫਿਰ ਵੀ ਜਿਹੜੇ ਅੰਤ ਤੋੜੀ ਵਫ਼ਦਾਰ ਰਹਿਣਗੇ ਉਹ ਹੀ ਬਚਾਏ ਜਾਣਗੇ।

**ਮਰਕੁਸ 13:13**

**"ਅਰ ਮੇਰੇ ਨਾਮ ਕਰਕੇ ਸੱਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ।"**

ਧੰਨਵਾਦ।

# ਗਵਾਹੀ - 2

# ਏਰੀਅਲ

ਜਦੋਂ ਅਸੀਂ ਉਤਾਂਹ ਵੱਲ ਸੁਰਗ ਰਾਜ ਵਿੱਚ ਜਾਣਾ ਸ਼ੁਰੂ ਕਰ ਦਿੱਤਾ ਤਾਂ ਅਸੀਂ ਇੱਕ ਸੁੰਦਰ ਜਗ੍ਹਾ ਤੇ ਆਏ ਜਿਸ ਦੇ ਦਰਵਾਜ਼ੇ ਬਹੁਤ ਸੋਹਣੇ ਸਨ। ਉਹਨਾਂ ਦਰਵਾਜ਼ਿਆਂ ਦੇ ਸਾਮ੍ਹਣੇ ਦੋ ਦੂਤ ਖੜੇ ਸਨ। ਉਹਨਾਂ ਨੇ ਗਲਬਾਤ ਕਰਨੀ ਸ਼ੁਰੂ ਕੀਤੀ ਪਰ ਅਸੀਂ ਉਹਨਾਂ ਦੀ ਸਵਰਗੀ ਭਾਸ਼ਾ ਨਾ ਸਮਝ ਸਕੇ ਪਰ ਪਵਿੱਤਰ ਆਤਮਾ ਨੇ ਸਾਨੂੰ ਸਮਝ ਦਿੱਤੀ। ਉਹ ਸਾਨੂੰ ਜੀ ਆਇਆਂ ਨੂੰ ਕਹਿ ਰਹੇ ਸਨ। ਯਿਸੂ ਮਸੀਹ ਨੇ ਉਹਨਾਂ ਦਰਵਾਜ਼ਿਆਂ ਤੇ ਹੱਥ ਰੱਖਿਆ ਤਾਂ ਉਹ ਖੁੱਲ ਗਏ। ਜੇਕਰ ਪ੍ਰਭੂ ਯਿਸੂ ਮਸੀਹ ਸਾਡੇ ਨਾਲ ਨਾ ਹੁੰਦੇ ਤਾਂ ਅਸੀਂ ਕਦੇ ਵੀ ਸੁਰਗ ਰਾਜ ਵਿੱਚ ਵੜ ਨਹੀਂ ਸਕਦੇ ਸੀ।

ਅਸੀਂ ਸਵਰਗ ਵਿੱਚ ਹਰੇਕ ਚੀਜ਼ ਦੀ ਤਾਰੀਫ ਕਰਨੀ ਸ਼ੁਰੂ ਕਰ ਦਿੱਤੀ। ਅਸੀਂ ਬਹੁਤ ਵੱਡਾ ਦਰੱਖਤ ਵੇਖਿਆ। ਪਵਿੱਤਰ ਸ਼ਾਸਤਰ ਇਸ ਨੂੰ ਜੀਵਨ ਦਾ ਬ੍ਰਿਛ ਆਖਦਾ ਹੈ।

**ਪ੍ਰਕਾਸ਼ ਦੀ ਪੋਥੀ 2:7**

**"ਜਿਹ ਦੇ ਕੰਨ ਹਨ ਸੋ ਸੁਣੇ ਭਈ ਆਤਮਾ ਕਲੀਸਿਆ ਨੂੰ ਕੀ ਆਖਦਾ ਹੈ। ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਮੈਂ ਜੀਵਨ ਦੇ ਬਿਰਛ ਵਿੱਚੋਂ ਜੋ ਪਰਮੇਸ਼ਵਰ ਦੇ ਫਿਰਦੌਸ ਵਿੱਚ ਹੈ ਖਾਣ ਲਈ ਦਿਆਂਗਾ।"**

ਅਸੀਂ ਇੱਕ ਨਦੀ ਕੋਲ ਗਏ ਜਿਸ ਵਿੱਚ ਬਹੁਤ ਸਾਰੀਆਂ ਮੱਛੀਆਂ ਸਨ। ਹਰੇਕ ਚੀਜ਼ ਬਹੁਤ ਅਦਭੁਤ ਸੀ। ਇਸ ਕਾਰਨ ਮੈਂ ਅਤੇ ਮੇਰੇ ਦੋਸਤਾਂ ਨੇ ਪਾਣੀ ਵਿੱਚ ਜਾਣ ਦਾ ਫੈਸਲਾ ਕੀਤਾ। ਅਸੀਂ ਪਾਣੀ ਵਿੱਚ ਤੈਰਨਾ ਸ਼ੁਰੂ ਕਰ ਦਿੱਤਾ। ਅਸੀਂ ਵੇਖਿਆ ਮੱਛੀਆਂ ਸਾਡੇ ਸਰੀਰ ਦੇ ਆਲੇ ਦੁਆਲੇ ਘੁੰਮਦੀਆਂ ਸਨ ਅਤੇ ਸਾਨੂੰ ਛੂਹ ਰਹੀਆਂ ਸਨ। ਉਹ ਇਸ ਤਰ੍ਹਾਂ ਨਹੀਂ ਤੈਰਦੀਆਂ ਸਨ, ਜਿਵੇਂ ਧਰਤੀ ਦੀ ਮੱਛੀ ਤੈਰਦੀ ਹੈ। ਪ੍ਰਭੂ ਦੀ ਹਜ਼ੂਰੀ ਨੇ ਉਹਨਾਂ ਨੂੰ ਸ਼ਾਂਤ ਕੀਤਾ ਹੋਇਆ ਸੀ। ਮੱਛੀਆਂ ਸਾਡੇ ਤੇ ਵਿਸ਼ਵਾਸ ਕਰ ਰਹੀਆਂ ਸਨ ਕਿਉਂਕਿ ਉਹ ਜਾਣਦੀਆਂ ਸਨ ਅਸੀਂ ਉਹਨਾਂ ਨੂੰ ਕੋਈ ਹਾਨੀ ਨਹੀਂ ਪਹੁੰਚਾ ਸਕਦੇ। ਮੈਂ ਬਹੁਤ ਜ਼ਿਆਦਾ ਆਪਣੇ ਆਪ ਨੂੰ ਭਾਗਾਂਵਾਲਾ ਸਮਝਿਆ ਅਤੇ ਇੱਕ ਮੱਛੀ ਨੂੰ ਕੱਢ ਕੇ ਬਾਹਰ ਲੈ ਆਇਆ। ਸਭ ਤੋਂ ਹੈਰਾਨੀਜਨਕ ਗੱਲ ਇਹ ਸੀ ਕਿ ਮੱਛੀ ਮੇਰੇ ਹੱਥ ਵਿੱਚ ਪ੍ਰਭੂ ਦੀ ਹਜ਼ੂਰੀ ਦਾ ਅਨੰਦ ਮਾਣ ਰਹੀ ਸੀ। ਮੈਂ ਮੱਛੀ ਨੂੰ ਪਾਣੀ ਵਿੱਚ ਛੱਡ ਦਿੱਤਾ ਮੈਂ ਥੋੜੀ ਦੂਰੀ ਤੋਂ ਚਿੱਟੇ ਘੋੜਿਆਂ ਨੂੰ ਸਵਰਗ ਵਿਚ ਵੇਖਿਆ।

**ਪ੍ਰਕਾਸ਼ ਦੀ ਪੋਥੀ 19:11**

**"ਮੈਂ ਅਕਾਸ਼ ਨੂੰ ਖੁਲ੍ਹਿਆ ਹੋਇਆ ਡਿੱਠਾ, ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ ਅਤੇ ਉਹ ਦਾ ਸਵਾਰ "ਵਫਾਦਾਰ" ਅਤੇ "ਸੱਚਾ" ਸਦਾਉਂਦਾ ਹੈ ਅਤੇ ਉਹ ਧਰਮ ਨਾਲ ਨਿਆਉਂ ਅਤੇ ਯੁੱਧ ਕਰਦਾ ਹੈ।"**

ਇਹ ਘੋੜੇ ਸਨ ਜਿਨ੍ਹਾਂ ਨੂੰ ਪਰਮੇਸ਼ਵਰ ਆਪਣੀ ਕਲੀਸਿਆ ਦੇ ਲੋਕਾਂ ਨੂੰ ਧਰਤੀ ਤੋਂ ਉਠਾਉਣ ਲਈ ਪ੍ਰਯੋਗ ਕਰੇਗਾ। ਮੈਂ ਘੋੜਿਆਂ ਕੋਲ ਗਿਆ ਅਤੇ ਉਹਨਾਂ ਨੂੰ ਥੱਪ ਥਪਾਉਂਣਾ ਸ਼ੁਰੂ ਕਰ ਦਿੱਤਾ। ਪ੍ਰਭੂ ਜੀ ਮੇਰੇ ਪਿਛੇ ਪਿਛੇ ਆਏ ਤੇ ਇੱਕ ਘੋੜੇ ਤੇ ਮੈਨੂੰ ਸਵਾਰੀ ਕਰਨ ਦਿੱਤੀ।

ਜਦੋਂ ਮੈਂ ਸਵਾਰੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਮੈਂ ਇਸ ਤਰ੍ਹਾਂ ਮਹਿਸੂਸ ਕੀਤਾ ਜਿਹੜਾ ਮੈਂ ਧਰਤੀ ਤੇ ਕਦੇ ਵੀ ਮਹਿਸੂਸ ਨਾ ਕੀਤਾ। ਮੈਂ ਸ਼ਾਂਤੀ, ਪਿਆਰ, ਅਜ਼ਾਦੀ ਤੇ ਪਵਿੱਤਰਤਾਈ ਦਾ ਅਹਿਸਾਸ ਇਸ ਜਗ੍ਹਾ ਤੇ ਕਰਨਾ ਸ਼ੁਰੂ ਕਰ ਦਿਤਾ। ਮੈਂ ਜੋ ਚੀਜ਼ਾਂ ਵੇਖ ਰਿਹਾ ਸੀ ਉਹਨਾਂ ਦਾ ਅਨੰਦ ਮਾਨਣਾ ਸ਼ੁਰੂ ਕਰ ਦਿੱਤਾ। ਮੈਂ ਸਵਰਗ ਦੀ ਹਰੇਕ ਚੀਜ਼ ਦਾ ਆਨੰਦ ਮਾਨਣਾ ਚਾਹੁੰਦਾ ਸੀ।

ਅਸੀਂ ਲਾੜੇ ਦੇ ਵਿਆਹ ਵਾਲਾ ਪ੍ਰੀਤੀਭੋਜ ਟੇਬਲ ਵੀ ਵੇਖਿਆ। ਜਿਸ ਉਪਰ ਹਰੇਕ ਚੀਜ਼ ਰੱਖੀ ਹੋਈ ਸੀ ਇਸ ਦਾ ਕੋਈ ਵੀ ਸਿਰਾ ਖਤਮ ਨਹੀਂ ਹੁੰਦਾ ਸੀ। ਅਸੀਂ ਆਪਣੇ ਲਈ ਤਿਆਰ ਕੁਰਸੀ ਨੂੰ ਵੇਖਿਆ। ਅਸੀਂ ਅਨੰਤ ਜੀਵਨ ਦੇ ਤਾਜ ਜਿਹੜੇ ਸਾਡੇ ਲਈ ਰੱਖੇ ਸਨ ਵੇਖੇ। ਅਸੀਂ ਸੁਆਦਲੇ ਭੋਜਨ ਵੇਖੇ ਜਿਹੜੇ ਸਾਡੇ ਲਈ ਅਤੇ ਜਿਹੜੇ ਲੇਲੇ ਦੇ ਵਿਆਹ ਵਿੱਚ ਪ੍ਰੀਤੀ ਭੋਜ ਲਈ ਹੋਰ ਸੱਦੇ ਗਏ ਸਨ ਵੇਖੇ।

ਸਵਰਗ ਦੂਤ ਕੁਝ ਚਿੱਟੇ ਬਸਤਰ ਲੈ ਕੇ ਖੜੇ ਸਨ ਜਿਹੜੇ ਸਾਡੇ ਲਈ ਪਰਮੇਸ਼ਵਰ ਤਿਆਰ ਕਰ ਰਿਹਾ ਹੈ। ਮੈਂ ਇਹਨਾਂ ਸਾਰੀਆਂ ਚੀਜ਼ਾਂ ਨੂੰ ਵੇਖ ਕੇ ਦੰਗ ਰਹਿ ਗਿਆ। ਪ੍ਰਭੂ ਦਾ ਵਚਨ ਇਸ ਤਰ੍ਹਾਂ ਆਖਦਾ ਹੈ।

**ਮਤੀ 18:3**

**"ਅਤੇ ਕਿਹਾ, ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੇ ਤੁਸੀਂ ਨਾ ਮੁੜੋ ਅਤੇ ਛੋਟਿਆਂ ਬਾਲਕਾਂ ਵਾਂਗੂੰ ਨਾ ਬਣੋ ਤਾਂ ਸੁਰਗ ਦੇ ਰਾਜ ਵਿੱਚ ਕਦੀ ਨਾ ਵੜੋਗੇ।"**

* ਅਸੀਂ ਬੱਚਿਆਂ ਵਾਗੂੰ ਸੁਰਗ ਰਾਜ ਨੂੰ ਸਵੀਕਾਰ ਕਰਨਾ ਹੈ। ਜਦੋਂ ਅਸੀਂ ਸੁਰਗ ਵਿੱਚ ਸੀ ਤਾਂ ਬੱਚਿਆਂ ਵਾਂਗੂੰ ਸੀ। ਅਸੀਂ ਉਥੇ ਹਰੇਕ ਚੀਜ਼ ਦਾ ਆਨੰਦ ਮਾਨਣਾ ਸ਼ੁਰੂ ਕੀਤਾ ਜਿਵੇਂ ਕਿ ਉਥੇ ਫੁਲ ਅਤੇ ਰਹਿਣ ਵਾਲਾ ਸਥਾਨ। ਪ੍ਰਭੂ ਜੀ ਨੇ ਉਸ ਰਹਿਣ ਵਾਲੇ ਸਥਾਨ ਵਿੱਚ ਜਾਣ ਦੀ ਆਗਿਆ ਵੀ ਦਿੱਤੀ।

ਪ੍ਰਭੂ ਜੀ ਸਾਨੂੰ ਇੱਕ ਐਸੀ ਜਗ੍ਹਾ ਤੇ ਲੈ ਗਿਆ ਜਿੱਥੇ ਬਹੁਤ ਸਾਰੇ ਬੱਚੇ ਸਨ। ਪ੍ਰਭੂ ਜੀ ਇਹਨਾਂ ਦੇ ਵਿਚਕਾਰ ਸੀ। ਪ੍ਰਭੂ ਜੀ ਇਹਨਾਂ ਨਾਲ ਕਾਫੀ ਸਮਾਂ ਬਿਤਾ ਰਹੇ ਸੀ। ਅਸੀਂ ਪ੍ਰਭੂ ਜੀ ਕੋਲ ਗਏ ਅਤੇ **ਪੁਛਿਆ, "ਕੀ ਪ੍ਰਭੂ ਜੀ ਇਹ ਉਹ ਬੱਚੇ ਹਨ ਜਿਹੜੇ ਧਰਤੀ ਤੇ ਪੈਦਾ ਹੋਣ ਲਈ ਜਾ ਰਹੇ ਹਨ?"** ਪ੍ਰਭੂ ਜੀ ਨੇ ਉੱਤਰ ਦਿੱਤਾ, "ਨਹੀਂ ਇਹ ਉਹ ਬੱਚੇ ਹਨ ਜਿਹਨਾਂ ਦਾ ਧਰਤੀ ਤੇ ਗਰਭਪਾਤ ਕਰਵਾ ਦਿੱਤਾ ਗਿਆ।" ਇਹ ਸੁਣਦਿਆਂ ਸਾਰ ਮੈਂ ਆਪਣੇ ਵਿੱਚ ਕੁਝ ਮਹਿਸੂਸ ਕੀਤਾ, ਜਿਸ ਨੇ ਮੈਨੂੰ ਝੰਜੋੜ ਦਿੱਤਾ।

* ਮੈਨੂੰ ਕੁਝ ਯਾਦ ਆਇਆ ਜਿਹੜਾ ਕਿ ਮੈਂ ਪਹਿਲਾਂ ਬੀਤੇ ਸਮੇਂ ਵਿੱਚ ਕੀਤਾ ਸੀ, ਜਦੋਂ ਮੈਂ ਪ੍ਰਭੂ ਜੀ ਨੂੰ ਨਹੀਂ ਜਾਣਦਾ ਸੀ। ਉਸ ਵੇਲੇ ਮੇਰਾ ਇੱਕ ਔਰਤ ਨਾਲ ਨਜਾਇਜ਼ ਸਰੀਰਕ ਸਬੰਧ ਹੋ ਗਿਆ ਜਿਸ ਕਾਰਨ ਉਹ ਗਰਭਵਤੀ ਹੋ ਗਈ। ਜਦੋਂ ਉਸ ਨੇ ਮੈਨੂੰ ਆਪਣੇ ਗਰਭ ਬਾਰੇ ਦੱਸਿਆ ਤਾਂ ਮੈਨੂੰ ਕੁਝ ਸਮਝ ਨਾ ਆਈ ਕਿ ਮੈਂ ਕੀ ਕਰਾਂ, ਤਾਂ ਮੈਂ ਉਸ ਨੂੰ ਕਿਹਾ ਮੈਨੂੰ ਕੁਝ ਸਮਾਂ ਦੇਵੋ, ਮੈਂ ਫੈਸਲਾ ਕਰ ਸਕਾਂ। ਕੁਝ ਸਮੇਂ ਮਗਰੋਂ ਜਦੋਂ ਮੈਂ ਆਪਣਾ ਫੈਸਲਾ ਦੱਸਣ ਲਈ ਗਿਆ ਤਾਂ ਬਹੁਤ ਦੇਰ ਹੋ ਚੁੱਕੀ ਸੀ। ਉਸ ਨੇ ਪਹਿਲਾਂ ਹੀ ਗਰਭਪਾਤ ਕਰਵਾ ਲਿਆ। ਇਸ ਨੇ ਮੇਰੇ ਜੀਵਨ ਤੇ ਇੱਕ ਦਾਗ ਲਗਾ ਦਿਤਾ। ਪ੍ਰਭੂ ਜੀ ਨੂੰ ਆਪਣੇ ਦਿਲ ਵਿੱਚ ਸਵੀਕਾਰ ਕਰਨ ਦੇ ਬਾਵਜੂਦ ਵੀ ਇਸ ਗਰਭਪਾਤ ਦੀ ਘਟਨਾ ਨੂੰ ਮੈਂ ਆਪਣੇ ਲਈ ਮਾਫ ਨਾ ਕਰ ਸਕਿਆ ਪਰ **ਪਰਮੇਸ਼ਵਰ ਨੇ ਉਸ ਦਿਨ ਮੇਰੇ ਲਈ ਕੁਝ ਕੀਤਾ। ਉਸ ਨੇ ਮੈਨੂੰ ਉਸ ਜਗ੍ਹਾ ਤੇ ਜਾਣ ਦੀ ਆਗਿਆ ਦਿੱਤੀ ਅਤੇ ਕਿਹਾ "ਏਰੀਅਲ ਤੂੰ ਉਹ ਲੜਕੀ ਨੂੰ ਵੇਖਦਾ ਹੈਂ ਜਿਹੜੀ ਉਥੇ ਖੜੀ ਹੈ? ਉਹ ਲੜਕੀ ਤੇਰੀ ਬੇਟੀ ਹੈ।"**

ਜਦ ਪ੍ਰਭੂ ਜੀ ਨੇ ਮੈਨੂੰ ਇਹ ਦੱਸਿਆ ਤਾਂ ਮੈਂ ਉਸ ਲੜਕੀ ਵੱਲ ਵੇਖਿਆ ਤਾਂ ਮੈਂ ਉਸ ਜ਼ਖਮ ਨੂੰ ਮਹਿਸੂਸ ਕੀਤਾ ਜਿਹੜਾ ਕਿ ਮੇਰਾ ਜਾਨ ਵਿੱਚ ਕਾਫੀ ਸਮੇਂ ਤੋਂ ਸੀ, ਉਸ ਨੇ ਭਰਨਾ ਸ਼ੁਰੂ ਕਰ ਦਿਤਾ। ਪ੍ਰਭੂ ਨੇ ਮੈਨੂੰ ਉਸ ਨੇੜੇ ਜਾਣ ਦੀ ਆਗਿਆ ਦਿੱਤੀ ਅਤੇ ਉਹ ਲੜਕੀ ਮੇਰੇ ਕੋਲ ਆ ਗਈ। ਮੈਂ ਉਸ ਲੜਕੀ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਉਸ ਦੀਆਂ ਅੱਖਾਂ ਨੂੰ ਦੇਖਿਆ। **ਇੱਕ ਸ਼ਬਦ ਉਸਦੇ ਬੁਲ੍ਹਾਂ ਵਿੱਚੋਂ ਨਿਕਲਿਆ "ਡੈਡੀ"** ਮੈਂ ਸਮਝ ਗਿਆ ਅਤੇ ਮਹਿਸੂਸ ਕੀਤਾ ਕਿ ਪ੍ਰਭੂ ਜੀ ਨੇ ਮੈਨੂੰ ਆਪਣੀ ਦਇਆ ਵਿੱਚ ਮੁਆਫ ਕਰ ਦਿੱਤਾ ਹੈ ਅਤੇ ਮੈਨੂੰ ਵੀ ਆਪਣੇ ਆਪ ਨੂੰ ਮਾਫ਼ ਕਰ ਦੇਣਾ ਚਾਹੀਦਾ ਹੈ।

* ਪਿਆਰੇ ਦੋਸਤੋ! ਜਿਹੜੇ ਵੀ ਇਸ ਗਵਾਹੀ ਨੂੰ ਪੜ੍ਹ ਰਹੇ ਹਨ, ਮੈਂ ਤੁਹਾਨੂੰ ਇੱਕ ਗੱਲ ਦਸਣੀ ਚਾਹੁੰਦਾ ਹਾਂ ਕਿ ਪ੍ਰਭੂ ਜੀ ਨੇ ਤੁਹਾਡੇ ਪਾਪ ਪਹਿਲਾਂ ਹੀ ਮਾਫ ਕਰ ਦਿਤੇ ਹਨ। ਹੁਣ ਤੁਹਾਨੂੰ ਵੀ ਆਪਣੇ ਆਪ ਨੂੰ ਮਾਫ ਕਰ ਲੈਣਾ ਚਾਹੀਦਾ ਹੈ। (ਸਿੱਖਣਾ ਚਾਹੀਦਾ ਹੈ) ਮੈਂ ਪ੍ਰਭੂ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਸ ਨੇ ਮੈਨੂੰ ਇਹ ਗਵਾਹੀ ਤੁਹਾਡੇ ਨਾਲ ਸਾਂਝੀ ਕਰਨ ਦੀ ਕ੍ਰਿਪਾ ਦਿੱਤੀ। ਪ੍ਰਭੂ ਯਿਸੂ ਮਸੀਹ ਮੈਂ ਇਸ ਦੇ ਲਈ ਤੁਹਾਨੂੰ ਇੱਜ਼ਤ ਅਤੇ ਮਹਿਮਾ ਦਿੰਦਾ ਹਾਂ। ਇਹ ਗਵਾਹੀ ਪ੍ਰਭੂ ਯਿਸੂ ਮਸੀਹ ਦੀ ਹੈ। ਉਸ ਨੇ ਮੈਨੂੰ ਇਹ ਪ੍ਰਕਾਸ਼ ਪ੍ਰਾਪਤ ਕਰਨ ਦੀ ਕ੍ਰਿਪਾ ਦਿੱਤੀ। ਮੈਂ ਉਮੀਦ ਕਰਦਾ ਹਾਂ ਕਿ ਇਸ ਗਵਾਹੀ ਨੂੰ ਪੜ੍ਹਨ ਵਾਲੇ ਸਾਡੇ ਭਰਾ ਅਤੇ ਭੈਣ ਇਸ ਗਵਾਹੀ ਤੋਂ ਬਰਕਤ ਪ੍ਰਾਪਤ ਕਰਨਗੇ ਅਤੇ ਇਸ ਆਸ਼ਿਸ਼ ਨੂੰ ਹੋਰਾਂ ਤੱਕ ਵੀ ਵੰਡਣਗੇ।

ਪ੍ਰਭੂ ਤੁਹਾਨੂੰ ਆਸ਼ਿਸ਼ ਦੇਵੇ।

# ਗਵਾਹੀ 3

**ਪ੍ਰਕਾਸ਼ ਦੀ ਪੋਥੀ 21:4**

**"ਅਤੇ ਉਹ ਉਹਨਾਂ ਦੀਆਂ ਅੱਖੀਆਂ ਤੋਂ ਹਰੇਕ ਹੰਝੂ ਪੂੰਝੇਗਾ ਅਤੇ ਹੁਣ ਅਗਾਹਾਂ ਨੂੰ ਮੌਤ ਨਾ ਹੋਵੇਗੀ, ਨਾ ਅਗਾਹਾਂ ਨੂੰ ਸੋਗ ਨਾ ਰੋਣਾ ਨਾ ਦੁੱਖ ਹੋਵੇਗਾ।"**

ਜਦੋਂ ਅਸੀਂ ਉਥੇ ਪਹੁੰਚੇ ਤਾਂ ਇਹ ਵੱਡੇ ਦਰਵਾਜ਼ੇ ਸਾਡੇ ਲਈ ਖੋਲ ਦਿੱਤੇ ਗਏ ਤਾਂ ਮੈਂ ਇਕ ਘਾਟੀ ਪੂਰੇ ਫੁੱਲਾਂ ਨਾਲ ਭਰੀ ਵੇਖੀ। ਫੁੱਲ ਬਹੁਤ ਸੁੰਦਰ ਅਤੇ ਇਹਨਾਂ ਦੀ ਖੁਸ਼ਬੂ ਕਦੇ ਵੀ ਖਤਮ ਨਹੀਂ ਹੁੰਦੀ ਸੀ। ਅਸੀਂ ਇਥੇ ਚਲ ਕੇ ਸੰਪੂਰਨ ਅਜ਼ਾਦੀ ਨੂੰ ਮਹਿਸੂਸ ਕੀਤਾ ਜਿਹੜੀ ਕਿ ਅਸੀਂ ਧਰਤੀ ਉਪਰ ਕਦੇ ਵੀ ਨਾ ਕੀਤੀ ਜਿਸ ਨੇ ਸਾਡੇ ਦਿਲਾਂ ਨੂੰ ਭਰ ਦਿੱਤਾ। ਅਸੀਂ ਉਹਨਾਂ ਫੁੱਲਾਂ ਨੂੰ ਵੇਖ ਰਹੇ ਸੀ ਤਾਂ ਅਸੀਂ ਧਿਆਨ ਦਿੱਤਾ ਕਿ ਉਹ ਅਨੋਖੇ (ਵੱਖਰੇ) ਹਨ। ਉਹਨਾਂ ਦੀ ਹਰੇਕ ਪੰਖੜੀ (ਪੱਤੀ) ਦੂਜੀ ਪੰਖੜੀ ਤੋਂ ਅਲਗ ਸੀ ਅਤੇ ਉਹਨਾਂ ਦਾ ਰੰਗ ਬਿਲਕੁਲ ਇੱਕ ਦੂਜੇ ਤੋਂ ਵੱਖਰਾ ਸੀ।

ਮੇਰੇ ਦਿਲ ਵਿੱਚ ਆਇਆ ਕਿ ਮੈਂ ਆਪਣੇ ਪ੍ਰਭੂ ਜੀ ਨੂੰ ਆਖਾਂ ਕਿ ਮੈਂ ਇਹਨਾਂ ਫੁੱਲਾਂ ਵਿੱਚੋਂ ਇੱਕ ਫੁੱਲ ਨੂੰ ਚਾਹੁੰਦਾ ਹਾਂ। ਪ੍ਰਭੂ ਜੀ ਨੇ ਇੱਕ ਇਸ਼ਾਰੇ ਨਾਲ ਸਹਿਮਤੀ ਦੇ ਦਿੱਤੀ। ਮੈਂ ਉਸ ਫੁੱਲ ਕੋਲ ਗਿਆ ਤੇ ਉਸ ਨੂੰ ਖਿੱਚਣਾ ਸ਼ੁਰੂ ਕਰ ਦਿੱਤਾ ਪਰ ਕੁਝ ਵੀ ਨਾ

ਵਾਪਰਿਆ। ਮੈਂ ਉਸ ਫੁੱਲ ਨੂੰ ਖਿਚ ਨਾ ਸਕਿਆ। ਮੈਂ ਉਸ ਦੀ ਇੱਕ ਪੱਤੀ ਨੂੰ ਵੀ ਨਾ ਖਿਚ ਸਕਿਆ। ਤਦ ਪ੍ਰਭੂ ਜੀ ਨੇ ਚੁੱਪੀ ਤੋੜਦੇ ਹੋਏ ਕਿਹਾ, "ਇਥੇ ਹਰ ਇੱਕ ਕੰਮ ਪਿਆਰ ਨਾਲ ਕਰਨਾ ਪੈਂਦਾ ਹੈ।"

ਉਸ ਨੇ ਫੁੱਲ ਨੂੰ ਛੋਹਿਆ ਤੇ ਉਸ ਫੁੱਲ ਨੇ ਆਪਣੇ ਆਪ ਨੂੰ ਪ੍ਰਭੂ ਜੀ ਦੇ ਹੱਥਾਂ ਵਿੱਚ ਦੇ ਦਿੱਤਾ। ਅਸੀਂ ਅੱਗੇ ਵਧਦੇ ਗਏ ਤੇ ਉਸ ਫੁੱਲ ਦੀ ਖੁਸ਼ਬੂ ਸਾਡੇ ਨਾਲ ਸੀ।

ਅਸੀਂ ਇੱਕ ਜਗ੍ਹਾ ਤੇ ਪਹੁੰਚੇ ਜਿੱਥੇ ਦਰਵਾਜ਼ਿਆਂ ਦਾ ਇੱਕ ਵਧੀਆ ਸੈੱਟ ਸੀ। ਇਹ ਦਰਵਾਜ਼ੇ ਸਧਾਰਣ ਨਹੀਂ ਸਨ। ਇਹਨਾਂ ਉੱਪਰ ਬਹੁਤ ਸੁੰਦਰ ਕਾਰਾਗਰੀ ਕੀਤੀ ਹੋਈ ਸੀ ਅਤੇ ਇਹ ਦਰਵਾਜ਼ੇ ਪੱਥਰਾਂ ਨਾਲ ਮੜ੍ਹੇ ਹੋਏ ਸਨ। ਇਹ ਕਮਰੇ ਖੁਲ੍ਹੇ ਸੀ। ਅਸੀਂ ਇੱਕ ਕਮਰੇ ਵਿੱਚ ਪ੍ਰਵੇਸ਼ ਕੀਤਾ ਜਿੱਥੇ ਬਹੁਤ ਸਾਰੇ ਲੋਕ ਸਨ। ਹਰੇਕ ਇੱਧਰ ਉਧਰ ਦੌੜ ਰਿਹਾ ਸੀ ਜਿਵੇਂ ਕਿਸੇ ਚੀਜ਼ ਦੀ ਤਿਆਰੀ ਕਰਦਾ ਹੋਵੇ। ਉਹਨਾਂ ਵਿੱਚੋਂ ਕਈਆਂ ਨੇ ਚਿੱਟੇ ਕੱਪੜਿਆਂ ਦੇ ਥਾਨ ਆਪਣੇ ਮੋਢਿਆਂ ਤੇ ਚੁੱਕੇ ਹੋਏ ਸਨ ਅਤੇ ਕਈਆਂ ਨੇ ਸੁਨਿਹਰੀ ਧਾਗਿਆਂ ਵਾਲੀਆਂ ਗੰਢਾਂ ਚੁੱਕੀਆਂ ਹੋਈਆਂ ਸਨ ਅਤੇ ਕਈਆਂ ਨੇ ਖਾਸ ਕਿਸਮ ਦੀਆਂ ਪਲੇਟਾਂ ਚੁੱਕੀਆਂ ਹੋਈਆਂ ਸਨ ਜਿਹਨਾਂ ਵਿੱਚ ਸ਼ੀਲਡਾਂ ਵਰਗੀਆਂ ਚੀਜ਼ਾਂ ਪਈਆਂ ਹੋਈਆਂ ਸਨ ਹਰੇਕ ਯਤਨ ਨਾਲ ਦੌੜ ਰਿਹਾ ਸੀ।

* ਅਸੀਂ ਪ੍ਰਭੂ ਜੀ ਨੂੰ ਪੁੱਛਿਆ – ਇਹ ਸਾਰੇ ਏਨੇ ਯਤਨ ਨਾਲ ਦੌੜ ਭੱਜ ਕਿਉਂ ਕਰ ਰਹੇ ਸਨ? ਪ੍ਰਭੂ ਜੀ ਨੇ ਇਕ ਜਵਾਨ ਆਦਮੀ ਨੂੰ ਆਪਣੇ ਕੋਲ ਆਉਣ ਲਈ ਕਿਹਾ। ਇਸ ਆਦਮੀ ਦੇ ਮੋਢੇ ਉੱਪਰ ਇੱਕ ਕੱਪੜਿਆਂ ਦਾ ਥਾਨ ਸੀ। ਉਹ ਨੇੜੇ ਆਇਆ ਅਤੇ ਉਸ ਨੇ ਪ੍ਰਭੂ ਜੀ ਵੱਲ ਆਦਰ ਨਾਲ ਵੇਖਿਆ। ਪ੍ਰਭੂ ਜੀ ਨੇ ਉਸ ਨੂੰ ਪੁੱਛਿਆ ਕਿ ਤੂੰ ਇਹ ਕਪੜਿਆਂ ਦਾ ਥਾਨ ਕਿਉਂ ਚੁੱਕਿਆ ਹੋਇਆ ਹੈ? **ਤਾਂ ਉਸ ਨੇ ਪ੍ਰਭੂ ਜੀ ਵੱਲ ਵੇਖ ਕੇ ਕਿਹਾ, "ਪ੍ਰਭੂ ਜੀ ਤੁਸੀਂ ਤਾਂ ਜਾਣਦੇ ਹੋ ਕਿ ਇਹ ਕਪੜੇ ਕਿਸ ਲਈ ਹਨ। ਇਹ ਕੱਪੜੇ ਉਹਨਾਂ ਲਈ ਹਨ ਜਿਨ੍ਹਾਂ ਦਾ ਛੁਟਕਾਰਾ ਹੋ ਚੁੱਕਾ ਹੈ। ਇਹ ਕੱਪੜੇ ਮਹਾਨ ਦੁਲਹਨ ਲਈ ਸੀ।**

ਇਹ ਸੁਣਦਿਆਂ ਸਾਰ ਸਾਨੂੰ ਇੱਕ ਬਹੁਤ ਵੱਡੀ ਖੁਸ਼ੀ ਮਿਲੀ ਜਿਵੇਂ ਕਿ –

**ਪ੍ਰਕਾਸ਼ ਦੀ ਪੋਥੀ 19:8**

**"ਏਹ ਉਸ ਨੂੰ ਬਖਸ਼ਿਆ ਗਿਆ ਭਈ ਭੜਕੀਲੇ ਅਤੇ ਸਾਫ ਕਤਾਨ ਦੀ ਪੁਸ਼ਾਕ ਪਾਵੇ, ਇਹ ਕਤਾਨ ਤਾਂ ਸੰਤਾਂ ਦਾ ਧਰਮੀ ਕੰਮ ਹੈ।"**

ਜਦੋਂ ਅਸੀਂ ਉਸ ਜਗ੍ਹਾ ਤੋਂ ਬਾਹਰ ਆਏ ਤਾਂ ਅਸੀਂ ਉਸ ਸ਼ਾਂਤੀ ਨੂੰ ਹੋਰ ਵੀ ਅਨੁਭਵ ਕੀਤਾ ਕਿਉਂਕਿ ਇਹ ਦੇਖਣਾ ਬਹੁਤ ਸੁੰਦਰ ਸੀ ਕਿ ਪ੍ਰਭੂ ਆਪ ਸਾਡੇ ਲਈ ਇਕ ਵਧੀਆ ਚੀਜ਼ ਬਣਾ ਰਿਹਾ ਸੀ। ਉਸ ਕੋਲ ਤੁਹਾਡੇ ਲਈ ਸਥਾਨ ਅਤੇ ਸਮਾਂ ਹੈ। ਕਿਉਂਕਿ ਤੁਸੀਂ ਉਸ ਲਈ ਮਹੱਤਵ ਪੂਰਨ ਹੋ। ਜਦੋਂ ਅਸੀਂ ਉਸ ਜਗ੍ਹਾ ਤੋਂ ਬਾਹਰ ਆਏ ਤਾਂ ਸੁਰਗ ਦੀ ਹਰੇਕ ਚੀਜ਼ ਵਿੱਚ ਸਾਡੀਆਂ ਅੱਖਾਂ ਖੋ ਗਈਆਂ। ਹਰੇਕ ਚੀਜ਼ ਇਸ ਤਰ੍ਹਾਂ ਸੀ ਕਿ ਹਰੇਕ ਚੀਜ਼ ਵਿਚ ਜੀਵਨ ਹੈ। ਹਰੇਕ ਚੀਜ਼ ਪ੍ਰਭੂ ਦੀ ਮਹਿਮਾ ਕਰ ਰਹੀ ਸੀ।

ਤਦ ਅਸੀਂ ਇਸ ਤਰ੍ਹਾਂ ਦੇ ਸਥਾਨ ਤੇ ਆਏ ਜਿਥੇ ਲੱਖਾਂ-ਲੱਖਾਂ ਬੱਚੇ ਸਨ। ਜਦ ਉਹਨਾਂ ਨੇ ਪ੍ਰਭੂ ਨੂੰ ਵੇਖਿਆ ਤਾਂ ਉਹਨਾਂ ਵਿਚੋਂ ਹਰੇਕ ਬੱਚਾ ਪ੍ਰਭੂ ਜੀ ਦੇ ਗਲੇ ਲੱਗਣਾ ਚਾਹੁੰਦਾ ਸੀ। ਪ੍ਰਭੂ ਜੀ ਦੇ ਪਿਆਰ ਨੂੰ ਹੋਰ ਮਹਿਸੂਸ ਕਰਨ ਵਾਸਤੇ ਇਹ ਉਹਨਾਂ ਦੀ ਇੱਛਾ ਸੀ। ਹਰੇਕ ਬੱਚੇ ਦੀ ਭਾਵਨਾ ਯਿਸੂ ਮਸੀਹ ਹੀ ਸੀ। ਇਸ ਨੂੰ ਵੇਖਣ ਤੋਂ ਬਾਅਦ ਅਸੀਂ ਰੋਣਾ ਮਹਿਸੂਸ ਕੀਤਾ ਕਿ ਕਿਸ ਤਰ੍ਹਾਂ ਉਹਨਾਂ ਬੱਚਿਆਂ ਨੂੰ ਪਿਆਰ ਕਰਨ ਦਾ ਮੌਕਾ ਦਿੱਤਾ। ਪ੍ਰਭੂ ਯਿਸੂ ਮਸੀਹ ਨੇ ਉਹਨਾਂ ਨੂੰ ਕਿਵੇਂ ਚੁੱਕਿਆ ਤੇ ਆਪਣੇ ਹੱਥਾਂ ਵਿਚ ਲਿਆ।

ਅਸੀਂ ਵੇਖਿਆ ਕਿ ਦੂਤ ਪ੍ਰਭੂ ਨੇੜੇ ਕਿਵੇਂ ਆ ਗਏ। ਸਫ਼ੈਦ ਕੱਪੜਿਆਂ ਵਿਚ ਵਲੇਟੇ ਹੋਏ ਬੱਚਿਆਂ ਨੂੰ ਲਿਆਏ। ਪ੍ਰਭੂ ਜੀ ਨੇ ਉਹਨਾਂ ਵੱਲ ਧਿਆਨ ਕੀਤਾ ਅਤੇ ਛੂਹਿਆ। ਉਹਨਾਂ ਦੇ ਮੱਥੇ ਤੇ ਚੁੰਮਣ ਲਿਆ। ਤਦ ਦੂਤ ਉਹਨਾਂ ਨੂੰ ਦੁਬਾਰਾ ਆਪਣੇ ਨਾਲ ਲੈ ਗਏ। **ਅਸੀਂ ਪ੍ਰਭੂ ਯਿਸੂ ਜੀ ਨੂੰ ਪੁੱਛਿਆ, ਇਥੇ ਇਨੇ ਬੱਚੇ ਕਿਉਂ ਹਨ, ਕੀ ਉਹ ਬੱਚੇ ਜ਼ਮੀਨ ਉਪਰ ਭੇਜਣੇ ਸਨ?, "ਨਹੀਂ ਇਹ ਬੱਚੇ ਧਰਤੀ ਤੇ ਨਹੀਂ ਭੇਜੇ ਜਾਣਗੇ। ਇਹ ਉਹ ਬੱਚੇ ਸਨ ਜਿਨ੍ਹਾਂ ਦਾ ਧਰਤੀ ਤੇ ਗਰਭਪਾਤ ਕੀਤਾ ਗਿਆ। ਜਿਨ੍ਹਾਂ ਦੇ ਮਾਂ ਬਾਪ ਉਹਨਾਂ ਨੂੰ ਲੈਣਾ ਨਹੀਂ ਚਾਹੁੰਦੇ ਸਨ।** ਉਹ ਮੇਰੇ ਬੱਚੇ ਹਨ। ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ।" ਮੈਂ ਆਪਣਾ ਸਿਰ ਹਿਲਾਇਆ ਅਤੇ ਮੇਰੀ ਅਵਾਜ਼ ਥਰਥਰਾਉਣ ਲੱਗੀ ਕਿ ਪ੍ਰਭੂ ਕੋਲੋਂ ਇਸ ਤਰ੍ਹਾਂ ਦਾ ਪ੍ਰਸ਼ਨ ਕਿਵੇਂ ਪੁਛਾਂ?

ਜਦੋਂ ਮੈਂ ਪ੍ਰਭੂ ਜੀ ਨੂੰ ਨਹੀਂ ਜਾਣਦਾ ਸੀ ਕਿ ਉਹ ਸੱਚਾ ਜੀਵਨ ਹੈ, ਮੈਂ ਦੂਜਿਆਂ ਦੀ ਤਰ੍ਹਾਂ ਗਲਤੀਆਂ ਤੇ ਪਾਪ ਵੀ ਕੀਤੇ। ਇਕ ਸਮਾਂ ਅਜਿਹਾ ਆਇਆ ਕਿ ਮੈਂ ਪ੍ਰਭੂ ਜੀ ਦੇ ਆਹਮਣੇ -ਸਾਹਮਣੇ ਹੋ ਗਿਆ **ਅਤੇ ਉਸ ਨੂੰ ਪੁੱਛਿਆ "ਹੇ ਪ੍ਰਭੂ ਜੀ, ਬਹੁਤ ਸਮਾਂ ਪਹਿਲਾਂ ਮੈਂ ਜਿਸ ਬੱਚੇ ਦਾ ਗਰਭਪਾਤ ਕਰਵਾਇਆ ਸੀ ਕੀ ਉਹ ਇਥੇ ਹੈ?** ਪ੍ਰਭੂ ਜੀ ਨੇ ਉੱਤਰ ਦਿੱਤਾ, "ਹਾਂ ਇਥੇ ਹੈ।" ਮੈਂ ਇੱਕ ਤਰਫ਼ ਨੂੰ ਚੱਲਣ ਲੱਗਾ। ਮੈਂ ਬਹੁਤ ਸੁੰਦਰ ਇੱਕ ਲੜਕਾ ਵੇਖਿਆ। ਉਸ ਬੱਚੇ ਦੇ ਪੈਰਾਂ ਲਾਗੇ ਇੱਕ ਦੂਤ ਖੜਾ ਸੀ। ਦੂਤ ਪ੍ਰਭੂ ਜੀ ਵੱਲ ਵੇਖ ਰਿਹਾ ਸੀ ਅਤੇ ਬੱਚੇ ਦੀ ਪਿੱਠ ਸਾਡੇ ਵੱਲ ਸੀ।

**ਪ੍ਰਭੂ ਜੀ ਨੇ ਮੈਨੂੰ ਕਿਹਾ, "ਵੇਖ ਉਹ ਤੇਰਾ ਬੇਟਾ ਹੈ।"** ਮੈਂ ਉਸਨੂੰ ਵੇਖਣਾ ਚਾਹਿਆ। ਇਸ ਕਰਕੇ ਮੈਂ ਉਸ ਵੱਲ ਦੌੜਿਆ ਪਰ ਦੂਤ ਨੇ ਮੈਨੂੰ ਹੱਥ ਨਾਲ ਰੋਕ ਦਿੱਤਾ। ਉਹ ਨੇ ਮੈਨੂੰ ਕਿਹਾ ਕਿ ਪਹਿਲਾਂ ਬੱਚੇ ਦੀ ਗੱਲ ਸੁਣ। ਮੈਂ ਸੁਣਨਾ ਸ਼ੁਰੂ ਕੀਤਾ। ਬੱਚਾ ਕਹਿ ਰਿਹਾ ਸੀ

ਗੱਲਾਂ ਕਰ ਰਿਹਾ ਸੀ ਅਤੇ ਦੂਜੇ ਬੱਚਿਆਂ ਵੱਲ ਵੇਖ ਰਿਹਾ ਸੀ। **ਉਹਨੇ ਦੂਤ ਕੋਲੋਂ ਪੁੱਛਿਆ,"ਕਿ ਮੇਰੇ ਮੰਮੀ ਡੈਡੀ ਇਸ ਜਗ੍ਹਾ ਤੇ ਛੇਤੀ ਆ ਰਹੇ ਹਨ?" ਦੂਤ ਨੇ ਮੈਨੂੰ ਵੇਖਦੇ ਹੋਏ ਉਸਨੂੰ ਉੱਤਰ ਦਿੱਤਾ, "ਹਾਂ ਤੇਰੇ ਡੈਡੀ, ਮੰਮੀ ਆਉਣ ਵਾਲੇ ਹਨ।"**

* ਮੈਂ ਨਹੀਂ ਜਾਣਦਾ ਮੈਨੂੰ ਇਹ ਸ਼ਬਦ ਸੁਣਨ ਦਾ ਮੌਕਾ ਕਿਉਂ ਮਿਲਿਆ ਪਰ ਮੈਂ ਆਪਣੇ ਦਿਲ ਵਿੱਚ ਜਾਣਿਆ, ਕਿ ਇਹ ਸ਼ਬਦ ਪ੍ਰਭੂ ਨੇ ਮੈਨੂੰ ਚੰਗੇ ਤੋਹਫ਼ੇ ਦੇ ਤੌਰ ਤੇ ਦਿੱਤੇ ਹਨ, ਜੋ ਪ੍ਰਭੂ ਜੀ ਮੈਨੂੰ ਦੇ ਸਕਿਆ। ਇਹ ਛੋਟਾ ਬੱਚਾ ਗੁੱਸੇ ਜਾਂ ਦੁੱਖ ਨਾਲ ਨਹੀਂ ਬੋਲਿਆ। ਸ਼ਾਇਦ ਉਹ ਜਾਣਦਾ ਸੀ ਕਿ ਅਸੀਂ ਉਸਨੂੰ ਜਨਮ ਨਾ ਲੈਣ ਦਿੱਤਾ। ਉਹ ਸਧਾਰਣ ਤੌਰ ਤੇ ਉਸ ਪ੍ਰੇਮ ਦੀ ਉਡੀਕ ਕਰ ਰਿਹਾ ਸੀ, ਜਿਹੜਾ ਪ੍ਰਭੂ ਨੇ ਉਸਦੇ ਦਿਲ ਵਿੱਚ ਪਾਇਆ ਸੀ।

ਅਸੀਂ ਚੱਲਦੇ ਗਏ ਪਰ ਉਸ ਬੱਚੇ ਦੀ ਸ਼ਕਲ ਮੇਰੇ ਦਿਲ ਵਿੱਚ ਘੁੰਮ ਰਹੀ ਸੀ। ਮੈਂ ਜਾਣਦਾ ਹਾਂ ਕਿ ਮੈਨੂੰ ਹਰ ਦਿਨ ਕੋਸ਼ਿਸ਼ ਕਰਨੀ ਪਵੇਗੀ। ਉਸ ਬੱਚੇ ਨੂੰ ਮਿਲਣ ਦੇ ਯੋਗ ਹੋਣ ਲਈ। ਮੇਰਾ ਉਥੇ ਪਹੁੰਚਣ ਦਾ ਇੱਕ ਹੋਰ ਕਾਰਨ ਹੈ ਕਿਉਂਕਿ ਸਵਰਗ ਵਿੱਚ ਮੇਰੀ ਉਹ ਉਡੀਕ ਕਰ ਰਿਹਾ ਸੀ।

**ਯਸਾਯਾਹ 65:19**

**" ਮੈਂ ਯਰੂਸ਼ਲਮ ਤੋਂ ਆਨੰਦ ਹੋਵਾਂਗਾ, ਅਤੇ ਆਪਣੀ ਪਰਜਾ ਤੋਂ ਖੁਸ਼ ਹੋਵਾਂਗਾ, ਫੇਰ ਉਸ ਵਿੱਚ ਨਾ ਰੋਣ ਦੀ ਆਵਾਜ਼, ਨਾ ਦੁਹਾਈ ਦੀ ਆਵਾਜ਼ ਸੁਣਾਈ ਦੇਵੇਗੀ।"**

ਅਸੀਂ ਇਸ ਤਰ੍ਹਾਂ ਦੇ ਸਥਾਨ ਤੇ ਆਏ ਜਿਥੇ ਛੋਟੇ ਛੋਟੇ ਪਹਾੜ ਸਨ। ਪ੍ਰਭੂ ਯਿਸੂ ਜੀ ਉਥੇ ਨੱਚਦੇ ਹੋਏ ਆਏ। ਉਸਦੇ ਅੱਗੇ ਸਫ਼ੈਦ ਕੱਪੜੇ ਪਹਿਨੇ ਹੋਏ ਲੋਕਾਂ ਦੀ ਭੀੜ ਸੀ। ਉਹਨਾਂ ਦੇ ਹੱਥਾਂ ਵਿੱਚ ਜੈਤੂਨ ਦੀਆਂ ਹਰੀਆਂ ਟਹਿਣੀਆਂ ਚੁੱਕੀਆਂ ਹੋਈਆਂ ਸਨ। ਜਦੋਂ ਉਹ ਉਹਨਾਂ ਟਹਿਣੀਆਂ ਨੂੰ ਹਵਾ ਵਿੱਚ ਲਹਿਰਾ ਰਹੇ ਸਨ ਉਹਨਾਂ ਵਿਚੋਂ ਤੇਲ ਨਿਕਲਦਾ ਸੀ।

* ਪ੍ਰਮੇਸ਼ਵਰ ਨੇ ਤੁਹਾਡੇ ਲਈ ਬਹੁਤ ਮਹਾਨ ਚੀਜ਼ਾਂ ਤਿਆਰ ਕੀਤੀਆਂ ਹੋਈਆਂ ਹਨ। ਹੁਣ ਤੁਹਾਡੇ ਲਈ ਸਮਾਂ ਹੈ ਕਿ ਤੁਸੀਂ ਉਸ ਦੇ ਸਾਹਮਣੇ ਆਪਣੇ ਦਿਲ ਨੂੰ ਰੱਖੋ।

**ਖੁਦਾ ਤੁਹਾਨੂੰ ਬਰਕਤ ਦੇਵੇ**

# ਗਵਾਹੀ 4

ਸਵਰਗ ਰਾਜ ਵਿੱਚ ਅਸੀਂ ਅਜੀਬ ਚੀਜ਼ਾਂ ਵੇਖੀਆਂ ਜਿਵੇਂ ਕਿ ਪ੍ਰਮੇਸ਼ਵਰ ਦੇ ਵਚਨ ਵਿੱਚ ਲਿਖਿਆ।

**1 ਕੁਰੰਥੀਆਂ 2 : 9**

**"ਪਰੰਤੂ ਜਿਵੇਂ ਲਿਖਿਆ ਹੋਇਆ ਹੈ, - ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪ੍ਰਮੇਸ਼ਵਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ।"**

ਜਦੋਂ ਅਸੀਂ ਸਵਰਗ ਰਾਜ ਵਿੱਚ ਪਹੁੰਚੇ ਤਾਂ ਉਥੇ ਬਹੁਤ ਸਾਰੀਆਂ ਮਹਾਨ ਚੀਜ਼ਾਂ ਅਤੇ ਪ੍ਰਮੇਸ਼ਵਰ ਦਾ ਜਲਾਲ ਮਹਿਸੂਸ ਕਰਕੇ ਅਸੀਂ ਬਹੁਤ ਹੀ ਅਚਰਜ ਤੇ ਅਚੰਭੇ ਹੋਏ। ਇਹ ਏਨਾ ਅਜੀਬ ਸੀ ਕਿ ਇੱਕ ਜਗ੍ਹਾ ਤੇ ਲੱਖਾਂ ਹੀ ਬੱਚੇ ਸਨ।

ਅਸੀਂ ਵੱਖ-2 ਉਮਰ ਦੇ ਬੱਚਿਆਂ ਨੂੰ ਵੇਖਿਆ ਸਵਰਗ ਵੱਖ-2 ਭਾਗਾਂ ਵਿੱਚ ਵੰਡਿਆ ਹੋਇਆ ਸੀ। ਅਸੀਂ ਕੁੱਝ ਕਿਸਮਾਂ ਦੇ ਬੱਚਿਆਂ ਦੇ ਘਰ ਵੇਖੇ ਜਿਹੜੇ 2 ਤੋਂ 4 ਸਾਲ ਦੀ ਉਮਰ ਵਾਲੇ ਬੱਚਿਆਂ ਵਾਸਤੇ ਸਨ। ਅਸੀਂ ਇਹ ਵੀ ਵੇਖਿਆ ਕਿ ਬੱਚੇ ਸਵਰਗ ਰਾਜ ਵਿੱਚ ਵੱਧਦੇ ਵੀ ਹਨ ਅਤੇ ਉਥੇ ਇੱਕ ਸਕੂਲ ਵੀ ਹੈ – ਜਿਥੇ ਬੱਚਿਆਂ ਨੂੰ ਪਰਮੇਸ਼ਵਰ ਦਾ ਵਚਨ ਵੀ ਸਿਖਾਇਆ ਜਾਂਦਾ ਹੈ। ਦੂਤ ਅਧਿਆਪਕ ਹਨ, ਉਹ ਬੱਚਿਆਂ ਨੂੰ ਹਮਦੋ ਸਨਾ ਦੇ ਗਾਣੇ ਅਤੇ ਯਿਸੂ ਨੂੰ ਕਿਵੇਂ ਜਲਾਲ ਮਹਿਮਾ ਦੇਣਾ ਹੈ ਸਿਖਾਉਂਦੇ ਸਨ। ਜਦੋਂ ਪ੍ਰਭੂ ਜੀ ਪਹੁੰਚੇ (ਆਏ) ਅਸੀਂ ਆਪਣੇ ਰਾਜੇ ਦਾ ਬਹੁਤ ਅਧਿਕ ਜਲਾਲ ਵੇਖਿਆ। ਬੇਸ਼ੱਕ ਅਸੀਂ ਉਸਦਾ ਚੇਹਰਾ ਚੰਗੀ ਤਰ੍ਹਾਂ ਨਾ ਵੇਖ ਸਕੇ। ਅਸੀਂ ਉਸਦੀ ਮੁਸਕਰਾਹਟ ਵੇਖੀ ਤਾਂ ਉਸਦੇ ਜਲਾਲ ਨੇ ਸਾਰੀ ਜਗ੍ਹਾ ਨੂੰ ਭਰ ਲਿਆ। ਜਦੋਂ ਉਹ ਪਹੁੰਚਿਆਂ ਤਾਂ ਸਾਰੇ ਬੱਚੇ ਉਸ ਕੋਲ ਭੱਜੇ ਆਏ। ਉਹਨਾਂ ਬੱਚਿਆਂ ਵਿਚਕਾਰ ਅਸੀਂ ਮਰੀਅਮ ਜਿਹੜੀ ਧਰਤੀ ਉਪਰ ਯਿਸੂ ਮਸੀਹ ਦੀ ਮਾਂ ਹੈ, ਉਹ ਬਹੁਤ ਸੋਹਣੀ ਔਰਤ ਸੀ। ਅਸੀਂ ਉਸ ਨੂੰ ਕਿਸੇ ਸਿੰਘਾਸਣ ਉੱਪਰ ਨਾ ਵੇਖਿਆ ਨਾ ਹੀ ਉਸਦੀ ਕੋਈ ਵਡਿਆਈ ਕਰ ਰਿਹਾ ਸੀ। ਉਹ ਸਵਰਗ ਰਾਜ ਵਿੱਚ ਦੂਜੀਆਂ ਔਰਤਾਂ ਵਾਂਗੂੰ ਹੀ ਸੀ। ਉਸਨੂੰ ਵੀ ਦੂਜੀਆਂ ਔਰਤਾਂ ਵਾਂਗੂੰ ਹੀ ਧਰਤੀ ਉੱਪਰ ਮੁਕਤੀ ਪ੍ਰਾਪਤ ਕਰਨੀ ਪਈ। ਉਸਦੇ ਚਿੱਟੇ ਬਸਤਰ ਤੇ ਲੱਕ ਦੁਆਲੇ ਸੁਨਹਿਰੀ ਬੈਲਟ ਪਹਿਨੀ ਹੋਈ ਸੀ ਅਤੇ ਉਸਦੇ ਵਾਲ ਕਮਰ ਤੱਕ ਲੰਮੇ ਸਨ।

ਅਸੀਂ ਧਰਤੀ ਉੱਪਰ ਬਹੁਤ ਸਾਰੇ ਲੋਕਾਂ ਨੂੰ ਯਿਸੂ ਮਸੀਹ ਦੀ ਮਾਂ ਮਰੀਅਮ ਦੀ ਉਪਾਸਨਾ ਕਰਦੇ ਹੋਏ ਸੁਣਿਆ। ਪ੍ਰਭੂ ਦਾ ਵਚਨ ਕਹਿੰਦਾ ਹੈ।

**ਯਹੂੰਨਾ 14:6**

**"ਯਿਸੂ ਨੇ ਉਹ ਨੂੰ ਆਖਿਆ, ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ।"**

ਸਵਰਗ ਵਿੱਚ ਪਹੁੰਚਣ ਦਾ ਰਾਹ ਕੇਵਲ ਯਿਸੂ ਨਾਮ ਹੀ ਹੈ। ਅਸੀਂ ਪ੍ਰਭੂ ਦਾ ਜਲਾਲ ਵੇਖਿਆ। ਨਰਕ ਵਿੱਚ ਦੇਖੇ ਗਏ ਦ੍ਰਿਸ਼ ਨੂੰ ਵਰਨਣ ਕਰਨਾ ਸਾਡੇ ਵਾਸਤੇ ਮੁਸ਼ਕਿਲ ਹੈ। ਪਰ ਸਵਰਗ ਵਿੱਚ ਵੇਖੀਆਂ ਸਵਰਗੀ ਚੀਜ਼ਾਂ ਅਤੇ ਸਾਡੇ ਸਿਰਜਣਹਾਰੇ ਦੀ ਸੰਪੂਰਨਤਾ ਨੂੰ ਬਿਆਨ ਕਰਨਾ ਸਾਡੇ ਲਈ ਬਹੁਤ ਹੀ ਵਧੇਰੇ ਮੁਸ਼ਕਿਲ ਹੈ। ਜਦੋਂ ਅਸੀਂ ਉਥੇ ਸੀ ਤਾਂ ਹਰੇਕ ਚੀਜ਼ ਨੂੰ ਦੌੜ ਕੇ ਵੇਖਣਾ ਚਾਹੁੰਦੇ ਸੀ। ਅਸੀਂ ਘਾਹ ਉੱਪਰ ਲੇਟ ਗਏ। ਪਰਮੇਸ਼ਵਰ ਦੀ ਮਹਿਮਾ ਨੂੰ ਮਹਿਸੂਸ ਕੀਤਾ। ਧੀਮੀਂ ਹਵਾ ਅਤੇ ਮੱਧਮ ਆਵਾਜ਼ ਨਾਲ ਸਾਡੇ ਚੇਹਰੇ ਖੁਸ਼ਹਾਲ ਹੋ ਗਏ। ਇਹ ਇੱਕ ਬਹੁਤ ਹੀ ਅਜੀਬ ਦ੍ਰਿਸ਼ ਸੀ।

ਅਸੀਂ ਆਕਾਸ਼ ਦੇ ਵਿਚਕਾਰ ਸ਼ੁੱਧ ਸੋਨੇ ਦੀ ਇੱਕ ਵੱਡੀ ਸਲੀਬ ਵੇਖੀ। ਅਸੀਂ ਵਿਸ਼ਵਾਸ ਕਰਦੇ ਹਾਂ ਇਹ ਮੂਰਤੀ ਪੂਜਾ ਦਾ ਚਿੰਨ੍ਹ ਨਹੀਂ ਸੀ ਪਰ ਇਹ ਇੱਕ ਅਜਿਹਾ ਚਿੰਨ੍ਹ ਸੀ, ਜਿਹੜਾ ਪ੍ਰਭੂ ਯਿਸੂ ਮਸੀਹ ਦੀ ਮੌਤ ਨੂੰ ਸਲੀਬ ਉੱਪਰ ਜ਼ਾਹਿਰ ਕਰਦਾ ਹੈ ਜਿਸਦੇ ਦੁਆਰਾ ਅਸੀਂ ਸਵਰਗ ਰਾਜ ਵਿੱਚ ਪ੍ਰਵੇਸ਼ ਕਰਦੇ ਹਾਂ।

ਅਸੀਂ ਸਵਰਗ ਵਿੱਚ ਲਗਾਤਾਰ ਚੱਲਣਾ ਜਾਰੀ ਰੱਖਿਆ। ਪ੍ਰਭੂ ਯਿਸੂ ਮਸੀਹ ਵੀ ਸਾਡੇ ਨਾਲ ਸੀ। ਇਹ ਇੱਕ ਅਨੋਖੀ ਘਟਨਾ ਸੀ। ਇਥੇ ਆ ਕੇ ਸਾਨੂੰ ਠੀਕ ਪਤਾ ਲੱਗਾ ਕਿ ਅਸੀਂ ਕਿਸ ਖੁਦਾ ਦੀ ਉਪਾਸਨਾ ਕਰਦੇ ਹਾਂ ਜਿਹੜਾ ਕਿ ਨਾਸਰਤ ਦਾ ਪ੍ਰਭੂ ਯਿਸੂ ਹੈ। ਸਾਡੇ ਵਿਚੋਂ ਧਰਤੀ ਤੇ ਬਹੁਤ ਸਾਰੇ ਇਹ ਯਕੀਨ ਕਰਦੇ ਹਨ ਕਿ ਉੱਪਰ ਇੱਕ ਖੁਦਾ ਹੈ ਜਿਹੜਾ ਸਾਡੇ ਪਾਪ ਕਰਨ ਦਾ ਇੰਤਜ਼ਾਰ ਕਰ ਰਿਹਾ ਹੈ, ਤਾਂ ਕਿ ਉਹ ਸਾਨੂੰ ਸਜ਼ਾ ਦੇ ਕੇ ਨਰਕ ਵਿੱਚ ਭੇਜ ਦੇਵੇ ਪਰ ਇਹ ਸੱਚਿਆਈ ਨਹੀਂ ਹੈ। ਅਸੀਂ ਪ੍ਰਭੂ ਯਿਸੂ ਮਸੀਹ ਦਾ ਇੱਕ ਹੋਰ ਪੱਖ ਵੇਖ ਰਹੇ ਸੀ ਜਿਹੜਾ ਕਿ ਇੱਕ ਦੋਸਤ ਦਾ ਹੈ, ਇੱਕ ਉਹ ਦੋਸਤ, ਜਦੋਂ ਅਸੀਂ ਚਿੱਲਾਉਂਦੇ ਹਾਂ ਤਾਂ ਉਹ ਵੀ ਚਿੱਲਾਉਂਦਾ ਹੈ। ਪ੍ਰਭੂ ਯਿਸੂ ਪਿਆਰ, ਤਰਸ ਅਤੇ ਦਯਾ ਦਾ ਪਰਮੇਸ਼ਵਰ ਹੈ। ਉਹ ਸਾਨੂੰ ਆਪਣੇ ਹੱਥ ਵਿੱਚ ਲੈ ਕੇ ਮੁਕਤੀ ਦੇ ਰਾਹ ਲਈ ਸਾਡੀ ਮਦਦ ਕਰਦਾ ਹੈ। ਪ੍ਰਭੂ ਯਿਸੂ ਨੇ ਸਾਨੂੰ ਇੱਕ ਹੋਰ ਆਦਮੀ ਨੂੰ ਮਿਲਣ ਦੀ ਆਗਿਆ ਦਿੱਤੀ ਜਿਸ ਦਾ ਜ਼ਿਕਰ ਬਾਈਬਲ ਵਿੱਚ ਹੈ। ਅਸੀਂ ਰਾਜਾ ਦਾਉਦ ਨੂੰ ਮਿਲੇ ਜਿਸ ਦਾ ਵਰਨਣ ਬਾਈਬਲ ਵਿੱਚ ਹੈ। ਉਹ ਇੱਕ ਚੰਗਾ ਵਿਖਾਈ ਦੇਣ ਵਾਲਾ ਲੰਬਾ ਅਤੇ ਉਸਦਾ ਚਿਹਰਾ ਪ੍ਰਮੇਸ਼ਵਰ ਦੀ ਮਹਿਮਾ ਨੂੰ ਪ੍ਰਗਟ ਕਰ ਰਿਹਾ ਸੀ। ਜਿਨਾਂ ਚਿਰ ਅਸੀਂ ਸਵਰਗ ਰਾਜ ਵਿੱਚ ਰਹੇ, ਅਸੀਂ ਰਾਜਾ ਦਾਊਦ ਨੂੰ ਨੱਚਦੇ ਟੱਪਦੇ ਹੋਏ ਪ੍ਰਮੇਸ਼ਵਰ ਨੂੰ ਇੱਜ਼ਤ ਮਹਿਮਾ ਦਿੰਦੇ ਹੋਏ ਵੇਖਦੇ ਰਹੇ। ਜਿਹੜੇ ਇਸ ਗਵਾਹੀ ਨੂੰ ਪੜ ਰਹੇ ਹਨ। ਮੈਂ ਉਹਨਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ

**ਪ੍ਰਕਾਸ਼ ਪੋਥੀ 21 :27**

**"ਪਰ ਕੋਈ ਅਪਵਿੱਤਰ ਵਸਤ ਯਾ ਕੋਈ ਘਿਣਾਉਣਾ ਅਤੇ ਝੂਠਾ ਕੰਮ ਕਰਨ ਵਾਲਾ ਓਸ ਵਿੱਚ ਕਦੇ ਨਾ ਵੜੇਗਾ ਪਰ ਨਿਰੇ ਉਹ ਜਿਹੜੇ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ।"**

ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਿਰਫ਼ ਸੂਰਬੀਰ ਲੋਕ ਹੀ ਸਵਰਗ ਦੇ ਰਾਜ ਨੂੰ ਪ੍ਰਾਪਤ ਕਰ ਸਕਦੇ ਹਨ।

**ਪ੍ਰਭੂ ਤੁਹਾਨੂੰ ਬਰਕਤ ਦੇਵੇ !**

***

# ਗਵਾਹੀ 5

**2 ਕੁਰਿੰਥੀਆਂ. 5:10**

**"ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹਦਾ ਫੱਲ ਭੋਗੇ।"**

ਸਵਰਗ ਰਾਜ ਵਿੱਚ ਅਸੀਂ ਨਵਾਂ ਯਰੂਸ਼ਲਮ ਵੇਖ ਰਹੇ ਸੀ

**ਯੂਹੰਨਾ 14:2**

**"ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਨਿਵਾਸ ਹਨ ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ ਕਿਉਂ ਜੋ ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ।"**

ਅਸੀਂ ਸ਼ਹਿਰ ਨੂੰ ਵੇਖ ਸਕਦੇ ਸੀ। ਅਸੀਂ ਉਸ ਵਿੱਚ ਦਾਖਲ ਹੋਏ। ਇਹ ਇੱਕ ਹਕੀਕਤ ਵਿੱਚ ਅਦਭੁੱਤ ਸ਼ਹਿਰ ਹੈ। ਪ੍ਰਭੂ ਯਿਸੂ ਮਸੀਹ ਜੀ ਸਾਡੇ ਰਹਿਣ ਲਈ ਜਗ੍ਹਾ ਬਣਾਉਣ ਲਈ ਉਥੇ ਗਿਆ ਹੋਇਆ ਹੈ।

* ਅਸੀਂ ਉਸ ਸ਼ਹਿਰ ਵਿੱਚ ਹਰੇਕ ਮਕਾਨ ਮਾਲਕ ਦੇ ਮਕਾਨ ਦੇ ਬਾਹਰ ਉਸਦਾ ਨਾਂ ਵੇਖ ਰਹੇ ਸੀ। ਇਹ ਸ਼ਹਿਰ ਅਜੇ ਵਸਾਇਆ ਨਹੀਂ ਗਿਆ ਪਰ ਇਹ ਸਾਡੇ ਵਾਸਤੇ ਤਿਆਰ ਹੈ। ਸਾਨੂੰ ਆਗਿਆ ਮਿਲੀ ਤੇ ਅਸੀਂ ਉਹਨਾਂ ਘਰਾਂ ਵਿੱਚ ਜਾ ਕੇ ਉਹਨਾਂ ਵਿਚਲੀਆਂ ਸਾਰੀਆਂ ਚੀਜ਼ਾਂ ਨੂੰ ਵੇਖਿਆ। ਪਰ ਜਦੋਂ ਅਸੀਂ ਸ਼ਹਿਰ ਨੂੰ ਛੱਡਿਆ ਤਾਂ ਜੋ ਵੀ ਅਸੀਂ ਸ਼ਹਿਰ ਵਿੱਚ ਵੇਖਿਆ ਸੀ ਭੁੱਲ ਗਏ। ਉਹ ਸਾਰੀਆਂ ਯਾਦਾਂ ਸਾਡੀ ਯਾਦਗਾਰ ਵਿੱਚੋਂ ਵਾਪਿਸ ਲੈ ਲਈਆਂ ਗਈਆਂ। ਅਸੀਂ ਸਿਰਫ ਇਹ ਹੀ ਯਾਦ ਰੱਖ ਸਕੇ ਕਿ ਉਹਨਾਂ ਘਰਾਂ ਦੇ ਥੰਮ ਕੀਮਤੀ ਪੱਥਰਾਂ ਨਾਲ ਅਤੇ ਕੀਮਤੀ ਧਾਤੂਆਂ ਨਾਲ ਮੜ੍ਹੇ ਹੋਏ ਸਨ, ਉਨ੍ਹਾਂ ਵਿੱਚ ਸ਼ੁੱਧ ਸੋਨਾ ਸੀ।

ਇਸ ਸ਼ਹਿਰ ਦਾ ਸੋਨਾ ਪਵਿਤ੍ਰ ਸ਼ਾਸਤਰ ਵਿੱਚ ਲਿਖੇ ਹੋਏ ਸ਼ੁੱਧ ਸੋਨੇ ਵਰਗਾ ਹੈ ਜਿਸਨੂੰ ਅੰਦਰੋਂ ਬਾਹਰੋਂ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਇਸ ਦੀ ਬਹੁਤ ਚਮਕ ਹੈ। ਧਰਤੀ ਉਪਰਲੇ ਸੋਨੇ ਦੀ ਤੁਲਨਾ ਇਸ ਨਾਲ ਨਹੀਂ ਕੀਤੀ ਜਾ ਸਕਦੀ।

* ਇਸ ਤੋਂ ਮਗਰੋਂ ਸਾਨੂੰ ਇਸ ਤਰ੍ਹਾਂ ਦੀ ਜਗ੍ਹਾ ਤੇ ਲਿਆਂਦਾ ਗਿਆ ਜਿਥੇ ਬਹੁਤ ਸਾਰੇ ਭਾਂਡੇ ਸਨ। ਉਹਨਾਂ ਭਾਂਡਿਆਂ ਵਿੱਚ ਚਮਕਦਾਰ ਹੰਝੂ ਸਨ ਜਿਹੜੇ ਪਰਮੇਸ਼ਵਰ ਦੇ ਬੱਚਿਆਂ ਨੇ ਧਰਤੀ ਤੇ ਵਹਾਏ ਸਨ। ਇਹ ਹੰਝੂ ਸ਼ਿਕਾਇਤ ਦੇ ਨਹੀਂ ਸਨ ਪਰ ਇਹ ਉਹ ਹੰਝੂ ਸਨ, ਜਿਹੜੇ ਪ੍ਰਭੂ ਦੀ ਹਜ਼ੂਰੀ ਵਿੱਚ ਪਸ਼ਚਾਤਾਪ ਤੇ ਧੰਨਵਾਦ ਨਾਲ ਵਹਾਏ ਗਏ ਸਨ। ਪਰਮੇਸ਼ਵਰ ਇਹਨਾਂ ਹੰਝੂਆਂ ਨੂੰ ਇੱਕ ਕੀਮਤੀ ਖਜ਼ਾਨੇ ਵਾਂਗਰ ਸਵਰਗ ਵਿੱਚ ਰੱਖਦਾ ਹੈ।

**ਜ਼ਬੂਰ 56 : 8**

**"ਤੂੰ ਮੇਰੇ ਅਵਾਰਾ ਫਿਰਨ ਦਾ ਲੇਖਾ ਕਰਦਾ ਹੈਂ, ਮੇਰਿਆਂ ਹੰਝੂਆਂ ਨੂੰ ਆਪਣੀ ਕੁੱਪੀ ਵਿੱਚ ਰੱਖ ਛੱਡ, ਭਲਾ, ਓਹ ਤੇਰੀ ਵਹੀ ਵਿੱਚ ਨਹੀਂ ਹਨ।"**

ਫਿਰ ਅਸੀਂ ਇੱਕ ਐਸੀ ਜਗ੍ਹਾ ਤੇ ਆਏ ਜਿਥੇ ਬਹੁਤ ਸਾਰੇ ਦੂਤ ਸਨ। ਭਾਵੇਂ ਅਸੀਂ ਸਵਰਗ ਵਿੱਚ ਬਹੁਤ ਤਰ੍ਹਾਂ ਦੇ ਦੂਤ ਵੇਖੇ ਸਨ ਪਰ ਇਥੇ ਖਾਸ ਕਿਸਮ ਦੇ ਦੂਤ ਸਨ। ਅਸੀਂ ਵੇਖਿਆ ਕਿ ਪ੍ਰਭੂ ਯਿਸੂ ਮਸੀਹ ਨੇ ਹਰੇਕ ਇਨਸਾਨ ਲਈ ਇੱਕ ਖਾਸ ਦੂਤ ਰੱਖਿਆ ਹੋਇਆ ਹੈ। ਸਾਨੂੰ ਇਹ ਵੀ ਵਿਖਾਇਆ ਗਿਆ ਕਿ ਇਹ ਦੂਤ ਸਾਡੀ ਧਰਤੀ ਦੀ ਸਾਰੀ ਯਾਤਰਾ ਦੌਰਾਨ ਸਾਡੇ ਨੇੜੇ ਰਹਿੰਦੇ ਹਨ। ਪ੍ਰਭੂ ਜੀ ਨੇ ਸਾਡੀ ਜਾਣ ਪਛਾਣ ਇਸ ਦੂਤ ਨਾਲ ਕਰਾਈ। ਅਸੀਂ ਦੂਤਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਵੇਖਣਾ ਚਾਹਿਆ ਪਰ ਪ੍ਰਭੂ ਜੀ ਨੇ ਸਾਨੂੰ ਕਿਹਾ ਕਿ ਤੁਹਾਨੂੰ ਇਹ ਗੱਲਾਂ ਦੂਜਿਆਂ ਨੂੰ ਦੱਸਣ ਦੀ ਆਗਿਆ ਨਹੀਂ ਦਿੱਤੀ ਗਈ।

**ਜ਼ਬੂਰ 91 :11**

**"ਉਹ ਤਾਂ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ, ਭਈ ਉਹ ਤੇਰਿਆਂ ਸਾਰਿਆਂ ਰਾਹਾਂ ਵਿੱਚ ਤੇਰੀ ਰੱਛਿਆ ਕਰਨ।"**

ਅਸੀਂ ਇੱਕ ਜਗ੍ਹਾ ਤੇ ਆਏ ਜਿਥੇ ਬਹੁਤ ਸਾਰੀਆਂ ਵਾੜਾਂ ਕੀਤੀਆਂ ਹੋਈਆਂ ਸਨ ਜਿਨ੍ਹਾਂ ਵਿੱਚ ਵੱਖ-2 ਕਿਸਮ ਦੇ ਫੁੱਲ ਸਨ। ਜਿਹਨਾਂ ਵਿਚੋਂ ਕੁੱਝ ਖਿੜੇ ਹੋਏ ਸੁੰਦਰ ਲੱਗਦੇ ਸਨ ਅਤੇ ਰੋਸ਼ਨੀ ਦੇ ਰਹੇ ਸਨ ਪਰ ਕੁੱਝ ਮੁਰਝਾਏ ਹੋਏ ਸਨ ਅਤੇ ਕੁੱਝ ਸੁੰਘੜੇ ਹੋਏ ਸਨ। ਅਸੀਂ ਪ੍ਰਭੂ ਜੀ ਨੂੰ ਪੁੱਛਿਆ ਪ੍ਰਭੂ ਜੀ ਇਹਨਾਂ ਫੁੱਲਾਂ ਦਾ ਕੀ ਅਰਥ ਹੈ। ਉਹਨਾਂ ਨੇ ਉੱਤਰ ਦਿੱਤਾ ਇਹ ਇਸ ਤਰ੍ਹਾਂ ਹੈ ਤੁਹਾਡਾ ਜੀਵਨ ਧਰਤੀ ਤੇ ਇੱਕ ਫੁੱਲ ਵਰਗਾ ਹੈ। ਉਸਨੇ ਰੋਸ਼ਨੀ ਦੇਣ ਵਾਲੇ ਇੱਕ ਫੁੱਲ ਨੂੰ ਚੁੱਕ ਲਿਆ ਤੇ ਕਿਹਾ ਕਿ ਇਹ ਫੁੱਲ ਤੁਹਾਡੇ ਤੇ ਮੇਰੇ ਵਿਚਕਾਰ ਰਿਸ਼ਤੇ ਨੂੰ ਵਿਖਾਉਂਦਾ ਹੈ। ਪ੍ਰਭੂ ਨੇ ਉਸ ਫੁੱਲ ਨੂੰ ਛੱਡ ਕੇ ਦੂਜੇ ਫੁੱਲ ਨੂੰ ਲਿਆ, ਜਿਹੜਾ ਹੇਠਾਂ ਡਿੱਗਿਆ ਹੋਇਆ ਸੀ। **ਕਿਹਾ, "ਵੇਖੋ ਇਸ ਆਦਮੀ ਦਾ ਜੀਵਨ ਹੇਠਾਂ ਡਿੱਗਿਆ ਹੋਇਆ ਹੈ, ਕਿਉਂਕਿ ਇਹ ਪ੍ਰੀਖਿਆਵਾਂ ਤੇ ਮੁਸੀਬਤਾਂ ਵਿੱਚੋਂ ਲੰਘ ਰਿਹਾ ਹੈ। ਇਸ ਦੇ ਜੀਵਨ ਵਿੱਚ ਕੋਈ ਐਸੀ ਘਟਨਾ ਹੈ, ਜਿਹੜੀ ਮੇਰੇ ਤੇ ਇਸਦੇ ਰਿਸ਼ਤੇ ਨੂੰ ਭੰਗ ਕਰ ਰਹੀ ਹੈ। ਕੀ ਤੁਸੀਂ ਜਾਣਦੇ ਹੋ ਮੈਂ ਇਸ ਤਰ੍ਹਾਂ ਦੇ ਫੁੱਲਾਂ ਦਾ ਕੀ ਕਰਦਾ ਹਾਂ ਜਦੋਂ ਇਹ ਡਿੱਗੇ ਹੋਏ ਹੁੰਦੇ ਹਨ ਤਾਂ ਮੈਂ ਇਹਨਾਂ ਨੂੰ ਦੁਬਾਰਾ ਚਮਕਦਾਰ ਤੇ ਤਾਕਤਵਰ ਬਣਾ ਦਿੰਦਾ ਹਾਂ।"** ਤਦ ਉਸ ਨੇ ਫੁੱਲ ਨੂੰ ਹੱਥ ਵਿੱਚ ਲੈ ਕੇ ਕਿਹਾ, **"ਮੈਂ ਇਹਨਾਂ ਤੇ ਆਪਣੇ ਅੱਥਰੂ ਵਹਾ ਕੇ ਮੈਂ ਇਹਨਾਂ ਨੂੰ ਉਠਾਉਂਦਾ ਹਾਂ। ਅਸੀਂ ਵੇਖਿਆ ਕਿ ਕਿੰਨੇ ਅਦਭੁੱਤ ਤਰੀਕੇ ਨਾਲ ਇਹ ਫੁੱਲ ਦੁਬਾਰਾ ਜੀਵਨ ਪ੍ਰਾਪਤ ਕਰਕੇ ਉੱਠ ਖੜਾ ਹੋਇਆ ਅਤੇ ਆਪਣੇ ਰੰਗ ਨੂੰ ਫਿਰ ਤੋਂ ਬਖੇਰਨ ਲੱਗਾ।"**

ਤਦ ਪ੍ਰਭੂ ਜੀ ਨੇ ਸੁੰਘੜੇ ਹੋਏ ਇੱਕ ਫੁੱਲ ਨੂੰ ਆਪਣੇ ਹੱਥ ਵਿੱਚ ਲਿਆ ਅਤੇ ਉਸ ਨੂੰ ਅੱਗ ਵਿੱਚ ਸੁੱਟ ਕੇ ਕਿਹਾ, "ਵੇਖੋ ਇਸ ਇਨਸਾਨ ਨੇ ਮੈਨੂੰ ਜਾਣ ਲਿਆ ਪਰ ਮੈਥੋਂ ਦੂਰ ਚਲਾ ਗਿਆ। ਹੁਣ ਇਹ ਮੇਰੇ ਬਿਨਾ ਮਰ ਰਿਹਾ ਹੈ, ਇਸ ਨੂੰ ਅੱਗ ਵਿੱਚ ਸੁੱਟਿਆ ਗਿਆ ਹੈ।

**ਯਹੂੰਨਾ 15:5-6**

**"ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕਿ ਤੁਸੀਂ ਕੁਝ ਨਹੀਂ ਕਰ ਸਕਦੇ। ਜੇ ਕੋਈ ਮੇਰੇ ਵਿਚ ਨਾ ਰਹੇ ਤਾਂ ਉਹ ਟਹਿਣੀ ਦੀ ਨਿਆਈਂ ਬਾਹਰ ਸੁੱਟਿਆ ਜਾਂਦਾ ਅਤੇ ਸੁੱਕ ਜਾਂਦਾ ਹੈ ਅਰ ਲੋਕ ਉਹਨਾਂ ਨੂੰ ਇੱਕਠਿਆਂ ਕਰਕੇ ਅੱਗ ਵਿਚ ਝੋਂਕਦੇ ਹਨ ਅਤੇ ਉਹ ਸਾੜੀਆਂ ਜਾਂਦੀਆਂ ਹਨ।"**

ਜੇ ਕੋਈ ਮੇਰੇ ਵੱਲ ਨਾ ਰਹੇ ਤਾਂ ਉਹ ਟਹਿਣੀ ਦੀ ਨਿਆਈਂ ਬਾਹਰ ਸੁੱਟਿਆ ਜਾਂਦਾ ਹੈ ਅਤੇ ਸੁੱਕ ਜਾਂਦਾ ਹੈ ਅਰ ਲੋਕ ਉਹਨਾਂ ਨੂੰ ਇੱਕਠਿਆਂ ਕਰਕੇ ਅੱਗ ਵਿੱਚ ਝੋਕਦੇ ਹਨ ਅਤੇ ਉਹ ਸਾੜੀਆਂ ਜਾਂਦੀਆਂ ਹਨ।

ਜਦੋਂ ਅਸੀਂ ਉਸ ਜਗ੍ਹਾ ਨੂੰ ਛੱਡਿਆ ਤਾਂ ਅਸੀਂ ਕੁਝ ਦੂਰੀ ਤੇ ਇੱਕ ਬਹੁਤ ਸੁੰਦਰ ਕਿਲ੍ਹਾ ਵੇਖਿਆ। ਉਸ ਕਿਲੇ ਕੋਲ ਜਾਣ ਦੀ ਕਿਸੇ ਦੀ ਹਿੰਮਤ ਨਹੀਂ ਸੀ। ਅਸੀਂ ਇਹ ਯਕੀਨ ਕਰਦੇ ਹਾਂ ਜਿਵੇਂ ਵਚਨ ਵਿੱਚ ਲਿਖਿਆ ਹੋਇਆ ਹੈ।

**ਪ੍ਰਕਾਸ਼ ਦੀ ਪੋਥੀ 22:1**

**"ਓਸ ਨੇ ਅੰਮ੍ਰਿਤ ਜਲ ਦੀ ਇੱਕ ਨਦੀ ਬਲੌਰ ਵਾਂਙੁ ਉੱਜਲ ਪਰਮੇਸ਼ਵਰ ਅਤੇ ਲੇਲੇ ਦੇ ਸਿੰਘਾਸਣ ਵਿੱਚੋਂ ਨਿੱਕਲਦੀ ਓਸ ਨਗਰੀ ਦੇ ਚੌਂਕ ਦੇ ਵਿਚਕਾਰ ਮੈਨੂੰ ਵਿਖਾਈ।"**

ਅਸੀਂ ਯਕੀਨ ਕਰਦੇ ਹਾਂ ਕਿ ਇਹ ਕਿਲਾ ਲੱਗਭਗ ਪਰਮੇਸ਼ਵਰ ਦੇ ਸਿੰਘਾਸਨ ਦੇ ਨੇੜੇ ਹੀ ਸੀ।

ਇਹਨਾਂ ਸਾਰੀਆਂ ਚੀਜ਼ਾਂ ਨੂੰ ਸਵਰਗ ਰਾਜ ਵਿੱਚ ਮਹਿਸੂਸ ਕਰਦੇ ਹੋਏ, ਸਾਨੂੰ ਆਪਣੇ ਦਿਲਾਂ ਵਿੱਚ ਬਹੁਤ ਖੁਸ਼ੀ ਮਹਿਸੂਸ ਹੋਈ। ਇਹ ਸਮਝ ਤੋਂ ਪਰੇ ਸ਼ਾਂਤੀ ਮਹਿਸੂਸ ਹੋਈ।

**ਫਿਲਪੀਆਂ 4:7**

**"ਅਤੇ ਪਰਮੇਸ਼ਵਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ।**

ਅਸੀਂ ਸਮਝ ਗਏ ਜਿਸ ਤਰ੍ਹਾਂ 1 ਪਤਰਸ 1:4

**1 ਪਤਰਸ 1:4**

**"ਅਰਥਾਤ ਓਸ ਅਵਨਾਸ਼ੀ, ਨਿਰਮਲ ਅਤੇ ਨਾ ਕੁਮਲਾਉਣ ਵਾਲੇ ਅਧਿਕਾਰ ਲਈ ਜੋ ਸਵਰਗ ਵਿੱਚ ਤੁਹਾਡੇ ਲਈ ਧਰਿਆ ਹੋਇਆ ਹੈ।**

ਪ੍ਭੂ ਤੁਹਾਨੂੰ ਬਰਕਤ ਦੇਵੇ!

# 6 ਗਵਾਹੀ

**ਲੂਕਾ 22:30**

**"ਤਾਂ ਜੋ ਤੁਸੀਂ ਮੇਰੇ ਰਾਜ ਵਿੱਚ ਮੇਰੀ ਮੇਜ਼ ਉੱਤੇ ਖਾਓ ਪੀਓ ਅਤੇ ਤੁਸੀਂ ਸਿੰਘਾਸਣਾਂ ਤੇ ਬੈਠ ਕੇ ਇਸਰਾਏਲ ਦੇ ਬਾਰਾਂ ਗੋਤਾਂ ਦਾ ਨਿਆਉਂ ਕਰੋਗੇ।"**

ਉਸ ਅਦਭੁਤ ਜਗ੍ਹਾ ਤੇ ਪਰਮੇਸ਼ਵਰ ਨੇ ਸਾਨੂੰ ਇੱਕ ਬਹੁਤ ਹੀ ਸੁੰਦਰ ਸਵਾਗਤ ਹਾਲ ਵਿਖਾਇਆ ਜਿਸ ਤਰ੍ਹਾਂ ਦਾ ਪੂਰੇ ਬ੍ਰਹਿਮੰਡ ਵਿੱਚ ਨਹੀਂ ਹੈ। ਅਸੀਂ ਇੱਕ ਬਹੁਤ ਵੱਡਾ ਸਿੰਘਾਸਣ ਵੇਖਿਆ, ਜਿਸ ਉੱਪਰ ਦੋ ਸ਼ੁੱਧ ਸੋਨੇ ਦੀਆਂ ਕੁਰਸੀਆਂ ਕੀਮਤੀ ਪੱਥਰਾਂ ਨਾਲ ਜੜੀਆਂ ਹੋਈਆਂ ਸਨ। ਇਸ ਤਰ੍ਹਾਂ ਦੇ ਪੱਥਰ ਧਰਤੀ ਤੇ ਨਹੀਂ ਹਨ। ਇਸ ਵੱਡੇ ਸਿੰਘਾਸਣ ਦੇ ਸਾਮ੍ਹਣੇ ਇੱਕ ਵੱਡਾ ਮੇਜ਼ ਸੀ ਜਿਸ ਦਾ ਦੂਜਾ ਕਿਨਾਰਾ ਵਿਖਾਈ ਨਹੀਂ ਦਿੰਦਾ ਸੀ। ਇਸ ਟੇਬਲ ਉੱਪਰ ਇੱਕ ਚਿੱਟਾ ਕਪੜਾ ਸੀ। ਇਹ ਐਨਾ ਜ਼ਿਆਦਾ ਚਿੱਟਾ ਸੀ ਕਿ ਅਸੀਂ ਧਰਤੀ ਤੇ ਇਸ ਦੀ ਤੁਲਨਾ ਕਿਸੇ ਚੀਜ਼ ਨਾਲ ਨਹੀਂ ਕਰ ਸਕਦੇ।

ਹਰੇਕ ਕਿਸਮ ਦੇ ਸੁਆਦਲੇ ਖਾਣੇ ਟੇਬਲ ਉੱਪਰ ਰੱਖੇ ਹੋਏ ਸਨ। ਅਸੀਂ ਇਸ ਟੇਬਲ ਉੱਪਰ ਅੰਗੂਰ ਤੇ ਸੰਤਰੇ ਵੀ ਵੇਖੇ। ਪ੍ਭੂ ਯਿਸੂ ਨੇ ਇਹਨਾਂ ਵਿੱਚੋਂ ਖਾਣ ਦੀ ਸਾਨੂੰ ਆਗਿਆ ਦਿੱਤੀ। ਸਾਨੂੰ ਹੁਣ ਤੱਕ ਇਹਨਾਂ ਦਾ ਸੁਆਦ ਯਾਦ ਹੈ, ਜਿਹੜਾ ਬਹੁਤ ਹੀ ਅਜੀਬ ਸੀ। ਮੇਰੇ ਭਰਾਵੋ ਤੇ ਦੋਸਤੋ ਅਸੀਂ ਸ਼ਬਦਾਂ ਵਿੱਚ ਉਹ ਚੀਜ਼ਾਂ ਬਿਆਨ ਨਹੀਂ ਕਰ ਸਕਦੇ ਜਿਹੜੀਆਂ ਪਰਮੇਸ਼ਵਰ ਨੇ ਆਪਣੇ ਬੱਚਿਆਂ ਲਈ ਸਵਰਗ ਵਿੱਚ ਤਿਆਰ ਕਰਕੇ ਰੱਖੀਆਂ ਹੋਈਆਂ ਹਨ।

**1 ਕੁਰਿੰਥੀਆਂ 2:9**

**"ਪਰੰਤੂ ਜਿਵੇਂ ਲਿਖਿਆ ਹੋਇਆ ਹੈ, - ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ਵਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ।"**

ਅਤੇ ਉਸ ਟੇਬਲ ਉੱਪਰ ਪਰਮੇਸ਼ਵਰ ਨੇ ਸਾਨੂੰ ਇੱਕ ਰੋਟੀ ਵੇਖਣ ਦੀ ਆਗਿਆ ਦਿੱਤੀ, ਜਿਸ ਨੂੰ ਮੰਨਾ ਕਿਹਾ ਗਿਆ ਹੈ। ਇਹ ਉਹ ਰੋਟੀ ਹੈ ਜਿਹੜੀ ਪਵਿੱਤਰ ਸ਼ਾਸਤਰ ਵਿੱਚ ਦੱਸੀ ਗਈ ਹੈ। ਸਾਨੂੰ ਇਸ ਦੇ ਨਾਲ ਹੋਰ ਵੀ ਚੀਜ਼ਾਂ ਖਾਣ ਨਾਲ ਅਨੰਦ ਮਿਲਿਆ, ਜਿਹੜੀਆਂ ਚੀਜ਼ਾਂ ਧਰਤੀ ਤੇ ਪੈਦਾ ਹੀ ਨਹੀਂ ਹੁੰਦੀਆਂ।

ਇਹ ਸਾਰੀਆਂ ਚੀਜ਼ਾਂ ਨਾ ਨਾਸ਼ ਹੋਣ ਲਈ ਮਿਰਾਸ ਦੇ ਤੌਰ ਤੇ ਸਵਰਗ ਰਾਜ ਵਿੱਚ ਸਾਡੀ ਉਡੀਕ ਕਰ ਰਹੀਆਂ ਹਨ। ਅਸੀਂ ਜਦੋਂ ਸਵਰਗ ਰਾਜ ਵਿੱਚ ਜਾਵਾਂਗੇ ਤਾਂ ਇਹਨਾਂ ਚੀਜ਼ਾਂ ਦੇ ਸੁਆਦ ਦਾ ਅਨੰਦ ਮਾਣਾਂਗੇ। ਸਾਨੂੰ ਇਹ ਜਾਣ ਕੇ ਬਹੁਤ ਅਜੀਬ ਲੱਗਾ ਕਿ ਇਸ ਮੇਜ਼ ਦੇ ਦੋਵੇਂ ਪਾਸੇ ਕੁਰਸੀਆਂ ਲੱਗੀਆਂ ਹੋਈਆਂ ਸਨ। ਇਹਨਾਂ ਸੁੰਦਰ ਕੁਰਸੀਆਂ ਤੇ ਹਰੇਕ ਦਾ ਨਾਂ ਲਿਖਿਆ ਹੋਇਆ ਸੀ।

